## ਅਧਿਆਇ 35

# ਡੇਹਰੇ ਨੂੰ ਬਣਾਉਣ ਦੇ ਲਈ ਤਿਆਰੀਆਂ

ਅਧਿਆਇ 35 ਕੂਚ ਦੀ ਪੁਸਤਕ ਦੇ ਇਕ ਨਵੇਂ ਭਾਗ ਨੂੰ ਸ਼ੁਰੂ ਕਰਦਾ ਹੈ (ਅਧਿਆਇ 35-40)।[1] ਇਸ ਸਮੇਂ ਤੱਕ, ਇਸਰਾਏਲੀ ਲੋਕ ਪਾਪ ਕਰ ਚੁੱਕੇ ਸਨ, ਉਨ੍ਹਾਂ ਨੂੰ ਸਜ਼ਾ ਵੀ ਮਿਲ ਗਈ ਸੀ ਅਤੇ ਬਹਾਲ ਕੀਤੇ ਜਾ ਚੁੱਕੇ ਸਨ। ਮੂਸਾ ਦੂਜੀ ਵਾਰ ਪਰਮੇਸ਼ੁਰ ਦੀ ਬਿਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਇਕ ਵਾਰ ਫੇਰ ਚਾਲੀ ਦਿਨਾਂ ਦੇ ਲਈ ਪਹਾੜ ਉੱਤੇ ਗਿਆ । ਵਾਪਸ ਆਉਣ ਤੇ, ਉਸ ਨੇ ਲੋਕਾਂ ਨੂੰ ਉਹ ਕਰਨ ਦੇ ਲਈ "ਇਕੱਠਾ ਕੀਤਾ" ਜੋ ਉਹ ਉਸ ਸਮੇਂ ਕਰਨਾ ਚਾਹੁੰਦਾ ਸੀ ਜਦੋਂ ਉਹ ਪਹਿਲੀ ਵਾਰ ਚਾਲੀ ਦਿਨਾਂ ਦੇ ਬਾਅਦ ਪਹਾੜ ਤੋਂ ਥੱਲੇ ਆਇਆ ਸੀ: ਉਨ੍ਹਾਂ ਨੂੰ ਪਰਮੇਸ਼ੁਰ ਦੀ ਬਿਵਸਥਾ ਸੌਂਪਣਾ ਜੋ ਉਸ ਨੂੰ ਸੀਨਈ ਪਹਾੜ ਤੇ ਮਿਲੀ ਸੀ (ਅਧਿਆਇ 25-31), ਖਾਸਕਰ ਡੇਹਰੇ ਸੰਬੰਧੀ ਜ਼ਰੂਰੀ ਸ਼ਰਤਾਂ। ਕੂਚ 35 ਅਤੇ 36 ਅਧਿਆਇ ਦੱਸਦੇ ਹਨ ਕਿ ਉਸ ਨੇ ਉਨ੍ਹਾਂ ਹਦਾਇਤਾਂ ਸਹਿਤ ਡੇਹਰੇ ਨੂੰ ਬਣਾਉਣ ਦਾ ਹੁਕਮ ਦਿੱਤਾ ਸੀ ਜੋ ਉਸ ਨੂੰ ਡੇਹਰੇ ਨੂੰ ਬਣਾਉਣ ਦੇ ਲਈ ਮਿਲੀਆਂ ਸਨ।

ਕਿਉਂਕਿ ਡੇਹਰੇ ਦੀ ਰਚਨਾ ਦੀ ਲਿਖਤ ਆਪਣੇ ਆਪ ਨੂੰ ਲਗਭਗ ਉਨ੍ਹਾਂ ਸ਼ਬਦਾਂ ਵਿਚ ਦੁਹਰਾਉਂਦੀ ਹੈ ਜਿਨ੍ਹਾਂ ਨਾਲ ਇਸ ਦੇ ਬਣਾਉਣ ਦੇ ਲਈ ਹਦਾਇਤਾਂ ਦਿੱਤੀਆਂ ਗਈਆਂ ਸਨ, ਬਹੁਤ ਸਾਰੇ ਵਿਦਵਾਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਇਹ ਭਾਗ ਬਾਅਦ ਵਿਚ ਕਿਸੇ ਹੋਰ ਦੁਆਰਾ ਜੋੜਿਆ ਗਿਆ ਹੋਵੇਗਾ। ਅਮਬਰਟੋ ਕਸੁੱਟੋ ਨੇ ਵਿਰੋਧ ਕੀਤਾ,

> ਪਰ, ਇਹ ਅਨੁਮਾਨ ਉਨ੍ਹਾਂ ਤਰੀਕਿਆਂ ਦੇ ਅਣਜਾਣਪੁਣੇ ਤੇ ਅਧਾਰਿਤ ਹੈ ਜੋ ਪ੍ਰਾਚੀਨ ਮਸੋਪੋਤਾਮੀਆ ਵਿਚ ਪੁਸਤਕਾਂ ਦੀ ਰਚਨਾ ਵਿਚ ਵਰਤੇ ਗਏ ਸਨ। ਪੱਛਮੀ ਦੇਸ਼ਾਂ ਦੀਆਂ ਸ਼ੁਰੂਆਤੀ ਲਿਖਤਾਂ ਵਿਚ ਮੰਦਿਰ ਦੀ ਸਥਾਪਨਾ ਅਤੇ ਨਿਰਮਾਣ ਦਾ ਵਿਸ਼ਾ ਪਾਰੰਮਪਰਿਕ ਸਾਹਿਤ ਸ਼ਰੇਣੀ ਸੀ ਅਤੇ ਅਜਿਹੇ ਹਵਾਲਿਆਂ ਦੇ ਲਈ ਪਹਿਲਾਂ ਉਨ੍ਹਾਂ ਰੱਬੀ ਬੋਲਾਂ ਦਾ ਲਿਖਿਆ ਜਾਣਾ ਜੋ ਛੋਟੇ ਤੋਂ ਛੋਟੇ ਵੇਰਵੇ ਨਾਲ ਪਵਿੱਤਰ ਅਸਥਾਨ ਦੀ ਯੋਜਨਾ ਦਾ ਵਰਣਨ ਕਰਦੇ ਸਨ ਅਤੇ ਇਸ ਲਈ ਉਸ ਰਚਨਾ ਦਾ ਲੇਖਾ ਜੋਖਾ ਦੇਣਾ ਆਮ ਗੱਲ ਸੀ, ਜਿਹੜੇ ਉਨ੍ਹਾਂ ਵਾਕਾਂ ਵਿਚ ਵਰਣਨ ਨੂੰ ਦੁਹਰਾਉਂਦੇ ਸਨ ਜੋ ਰੱਬੀ ਗੱਲਬਾਤ ਵਿਚ ਦਿੱਤਾ ਗਿਆ ਸੀ।[2]

ਜਦੋਂ ਇਸਰਾਏਲੀਆਂ ਨੇ ਡੇਹਰੇ ਨੂੰ ਬਣਾਉਣ ਦੇ ਕੰਮ ਨੂੰ ਸ਼ੁਰੂ ਕਰਨ ਦੀ ਤਿਆਰੀ ਕੀਤੀ, ਮੂਸਾ ਨੇ ਪਰਮੇਸ਼ੁਰ ਦੀਆਂ ਹਦਾਇਤਾਂ ਦੇਣ ਦੇ ਲਈ ਲੋਕਾਂ ਨੂੰ ਇਕੱਠਾ ਕੀਤਾ। ਉਸ ਕੰਮ ਦੇ ਲਈ ਕੰਮ ਕਰਨ ਦੀਆਂ ਸ਼ਰਤਾਂ ਸੰਬੰਧੀ, ਮੂਸਾ ਨੇ ਆਖਿਆ ਕਿ ਪਰਮੇਸ਼ੁਰ ਨੇ ਲੋਕਾਂ ਨੂੰ ਸਬਤ ਦੇ ਦਿਨ ਕੰਮ ਕਰਨ ਤੋਂ ਮਨ੍ਹਾ ਕੀਤਾ ਸੀ (35:1-3)। ਨਿਰਮਾਣ ਸਮੱਗਰੀ ਪ੍ਰਾਪਤ ਕਰਨ ਦੇ ਲਈ, ਉਸ ਨੇ ਦੱਸਿਆ ਕਿ ਪਰਮੇਸ਼ੁਰ ਚਾਹੁੰਦਾ ਸੀ ਕਿ ਇਸਰਾਏਲੀ ਲੋਕ ਖੁਸ਼ੀ ਦੀ ਭੇਟ ਚੜ੍ਹਾਉਣ (35:4-

9)। ਫਿਰ ਲੋਕਾਂ ਨੂੰ ਉਸ ਡੇਹਰੇ ਦੇ ਲਈ ਜੋ ਬਣਾਇਆ ਜਾਣਾ ਸੀ ਸੁਮੱਚੀ ਯੋਜਨਾ ਦੀ ਇਕ ਝਲਕ ਦਿੱਤੀ ਗਈ ਸੀ (35:10-19)। ਲੋਕ ਮੰਡਲੀ ਨੂੰ ਛੱਡ ਕੇ ਚਲੇ ਗਏ ਅਤੇ ਯੋਗਦਾਨ ਪਾਉਣਾ ਸ਼ੁਰੂ ਕਰ ਦਿੱਤਾ, ਸਿੱਟੇ ਵਜੋਂ ਸਾਰੀ ਨਿਰਮਾਣ ਸਮੱਗਰੀ ਉਪਲਬਧ ਹੋ ਗਈ (35:20-29)। ਇਹ ਅਧਿਆਇ ਨਿਰਮਾਣ ਕਾਰਜ ਦੀ ਨਿਗਰਾਨੀ ਕਰਨ ਦੇ ਲਈ ਬਸਲਏਲ ਅਤੇ ਆਹਾਲੀਆਬ ਦੇ ਉਸ ਦਾ ਸਹਾਇਕ ਬਣਨ ਦੀ ਨਿਯੁਕਤੀ ਨਾਲ ਖਤਮ ਹੁੰਦਾ ਹੈ (35:30-35)।

## ਸਬਤ ਦਾ ਹੁਕਮ (35:1-3)

**[1]ਮੂਸਾ ਨੇ ਇਸਰਾਏਲੀਆਂ ਦੀ ਸਾਰੀ ਮੰਡਲੀ ਨੂੰ ਇਕੱਠਾ ਕਰ ਕੇ ਉਨ੍ਹਾਂ ਨੂੰ ਆਖਿਆ, ਏਹ ਗੱਲਾਂ ਹਨ ਜਿਨ੍ਹਾਂ ਦੇ ਕਰਨ ਦਾ ਯਹੋਵਾਹ ਨੇ ਤੁਹਾਨੂੰ ਹੁਕਮ ਦਿੱਤਾ ਹੈ: [2]ਛੇ ਦਿਨ ਕੰਮ ਕੀਤਾ ਜਾਵੇ ਪਰ ਸੱਤਵਾਂ ਦਿਨ ਤੁਹਾਡਾ ਵਿਸਰਾਮ ਦਾ ਪਵਿੱਤ੍ਰ ਸਬਤ ਯਹੋਵਾਹ ਲਈ ਹੋਵੇ। ਜੋ ਕੋਈ ਉਸ ਵਿੱਚ ਕੰਮ ਕਰੇ ਉਹ ਮਾਰਿਆ ਜਾਵੇ। [3]ਤੁਸਾਂ ਆਪਣੇ ਵਾਸਾਂ ਵਿੱਚ ਸਬਤ ਦੇ ਦਿਨ ਅੱਗ ਨਾ ਬਾਲਣੀ।**

**ਆਇਤ 1.** ਉਸ ਪਰਕਾਸ਼ ਨੂੰ ਪੇਸ਼ ਕਰਨ ਦੇ ਲਈ ਜੋ ਉਸ ਨੂੰ ਪਰਮੇਸ਼ੁਰ ਦੇ ਕੋਲੋਂ ਮਿਲਿਆ ਸੀ, ਮੂਸਾ ਨੇ ਲੋਕਾਂ ਨੂੰ ਇਕ ਪਵਿੱਤਰ ਮੰਡਲੀ ਵਿਚ ਬੁਲਾਇਆ। ਫਿਰ ਉਸ ਨੇ ਇਹ ਕਹਿੰਦੇ ਹੋਏ ਬਿਵਸਥਾ ਨੂੰ ਪੇਸ਼ ਕਰਨਾ ਸ਼ੁਰੂ ਕੀਤਾ, **ਏਹ ਗੱਲਾਂ ਹਨ ਜਿਨ੍ਹਾਂ ਦੇ ਕਰਨ ਦਾ ਯਹੋਵਾਹ ਨੇ ਤੁਹਾਨੂੰ ਹੁਕਮ ਦਿੱਤਾ ਹੈ।**

**ਆਇਤਾਂ 2, 3.** ਫੇਰ, ਉਸ ਨੇ **ਸਬਤ** ਨੂੰ ਮੰਨਣ ਦੀ ਸ਼ਰਤ ਪੇਸ਼ ਕੀਤੀ। ਇਸ ਤਰ੍ਹਾਂ, ਛੇਵੀਂ ਵਾਰ, ਕੂਚ ਦੀ ਪੁਸਤਕ ਵਿਚ ਇਹ ਹੁਕਮ ਲਿਖਿਆ ਗਿਆ ਹੈ ਕਿ ਇਸਰਾਏਲੀਆਂ ਨੂੰ ਸਬਤ ਨੂੰ ਮੰਨਣਾ ਚਾਹੀਦਾ ਹੈ (16:4, 5, 23-29; 20:8-11; 23:10-12; 31:12-17; 34:21; 35:1-3)। ਘੱਟੋ-ਘੱਟ ਕਹਿਣ ਲਈ, ਅਸਲੀ ਪਾਠਕ ਯਹੋਵਾਹ ਦੇ ਇਸ ਹੁਕਮ ਨੂੰ ਮੰਨਣ ਦੇ ਮਹੱਤਵ ਤੋਂ ਪ੍ਰਭਾਵਿਤ ਹੋਏ ਹੋਣਗੇ। ਇਸ ਸੰਦਰਭ ਵਿਚ, ਇਸ ਨੂੰ ਸ਼ਾਇਦ ਦੁਹਰਾਇਆ ਗਿਆ ਹੋਵੇਗਾ ਕਿਉਂਕਿ ਇਸਰਾਏਲੀਆਂ ਦੀ ਅਗਲੀ ਜ਼ਿੰਮੇਵਾਰੀ ਡੇਹਰੇ ਨੂੰ ਬਣਾਉਣ ਦੀ ਸੀ। ਜਦੋਂ ਲੋਕ ਪਰਮੇਸ਼ੁਰ ਦੇ ਭਵਨ ਨੂੰ ਬਣਾਉਣ ਦੇ ਕੰਮ ਨੂੰ ਸ਼ੁਰੂ ਕਰਨ ਲੱਗੇ ਹੋਣਗੇ ਤਾਂ ਸ਼ਾਇਦ ਉਨ੍ਹਾਂ ਨੂੰ ਇਹ ਚੇਤੇ ਕਰਾਉਣ ਦੀ ਲੋੜ ਸੀ ਕਿ ਉਨ੍ਹਾਂ ਨੇ ਇਸ ਤਰ੍ਹਾਂ ਕਰਕੇ ਪਰਮੇਸ਼ੁਰ ਦੇ ਹੁਕਮ ਨੂੰ ਨਹੀਂ ਸੀ ਤੋੜਨਾ। ਉਨ੍ਹਾਂ ਨੇ ਡੇਹਰੇ ਨੂੰ ਬਣਾਉਣ ਦਾ ਕੰਮ ਕਰਨਾ ਸੀ, ਪਰ ਉਨ੍ਹਾਂ ਨੇ ਸਬਤ ਦੇ ਦਿਨ ਕੰਮ ਨਹੀਂ ਸੀ ਕਰਨਾ।

ਸ਼ਾਇਦ ਇਹ ਮਹੱਤਵਪੂਰਣ ਹੋ ਸਕਦਾ ਹੈ ਕਿ ਸਬਤ ਨੂੰ ਮੰਨਣ ਦਾ ਹੁਕਮ ਇਸਰਾਏਲੀਆਂ ਦੇ ਵਿਸ਼ਵਾਸ ਨੂੰ ਤਿਆਗਣ ਤੋਂ ਪਹਿਲਾਂ ਦਿੱਤਾ ਗਿਆ ਆਖ਼ਰੀ ਹੁਕਮ ਸੀ, ਮੂਸਾ ਦੇ ਪਹਾੜ ਤੋਂ ਥੱਲੇ ਆਉਣ ਤੋਂ ਕੁਝ ਚਿਰ ਪਹਿਲਾਂ (31:12-17) ਅਤੇ ਇਸਰਾਏਲ ਦੀ ਬਹਾਲੀ ਤੋਂ ਬਾਅਦ ਦਿੱਤਾ ਗਿਆ ਪਹਿਲਾ ਹੁਕਮ ਸੀ, ਮੂਸਾ ਦੇ ਦੂਜੀ ਵਾਰ ਪਹਾੜ ਤੋਂ ਥੱਲੇ ਉੱਤਰਨ ਦੇ ਬਾਅਦ (35:1-3)। ਇਸਰਾਏਲ ਦੀ ਮੂਰਤੀਪੂਜਾ ਦੀ ਕਹਾਣੀ ਸਬਤ ਦੇ ਹੁਕਮ ਦੇ ਲਈ ਇਨ੍ਹਾਂ ਦੋ ਹਵਾਲਿਆਂ ਦੇ ਅੱਧ ਵਿਚਾਲੇ ਰੱਖੀ ਗਈ ਹੈ।

35:2, 3 ਵਿਚ ਜ਼ੋਰ ਦੋ ਤੱਥਾਂ ਤੇ ਹੈ। ਪਹਿਲਾ, ਸਬਤ ਦਾ ਦਿਨ **ਯਹੋਵਾਹ ਲਈ ਵਿਸਰਾਮ** ("ਪਵਿੱਤਰ ਵਿਸਰਾਮ"; NRSV) ਦਾ ਦਿਨ ਹੋਣਾ ਸੀ, ਇਸ ਹੱਦ ਤੱਕ ਵਿਸਰਾਮ ਦਾ ਦਿਨ ਕਿ [ਉਨ੍ਹਾਂ ਨੇ] **ਆਪਣੇ ਵਾਸਾਂ ਵਿੱਚ ਸਬਤ ਦੇ ਦਿਨ ਅੱਗ ਵੀ ਨਹੀਂ ਸੀ ਬਾਲਣੀ**। "ਅੱਗ ਬਾਲਣ" ਨੇ ਸ਼ਾਇਦ ਇਕ ਉਦਾਹਰਣ ਦੇ ਰੂਪ ਵਿਚ ਕੰਮ ਕੀਤਾ ਹੋਵੇਗਾ। ਸਬਤ ਦੇ ਦਿਨ "ਅੱਗ ਬਾਲਣ" ਵਰਗਾ ਛੋਟਾ ਜਿਹਾ ਕੰਮ ਕਰਨ ਦੀ ਵੀ ਇਜਾਜ਼ਤ ਨਹੀਂ ਸੀ। ਇਸ ਲਈ, ਹੋਰ ਕਿਸੇ ਵੀ ਕੰਮ ਦੀ, ਭਾਵੇਂ

ਉਹ ਕਿੰਨਾ ਵੀ ਛੋਟਾ ਕਿਉਂ ਨਾ ਹੋਵੇ, ਮਨਾਹੀ ਸੀ।

ਦੂਜਾ, ਸਬਤ ਨੂੰ ਤੋੜਨ ਦੇ ਲਈ **ਮੌਤ** ਦੀ ਸਜ਼ਾ ਸੀ (ਵੇਖੋ 31:14, 15)। ਜਦ ਕਿ ਅੱਜ ਦੇ ਸਮੇਂ ਦੇ ਪਾਠਕ ਸੋਚ ਸਕਦੇ ਹਨ ਕਿ ਸਬਤ ਨੂੰ ਤੋੜਨ ਦੇ ਲਈ ਮੌਤ ਦੀ ਸਜ਼ਾ ਨਹੀਂ ਸੀ ਹੋਣੀ ਚਾਹੀਦੀ, ਉਹ ਇਹ ਚੰਗੀ ਤਰ੍ਹਾਂ ਯਾਦ ਰੱਖਣ ਕਿ ਪਰਮੇਸ਼ੁਰ ਨੂੰ ਉਸ ਦੇ ਹੁਕਮਾਂ ਦੀ ਅਣਆਗਿਆਕਾਰੀ ਕਰਨ ਵਾਲੇ ਦੇ ਲਈ ਸਜ਼ਾ ਤੈਅ ਕਰਨ ਦਾ ਹੱਕ ਹੈ। ਪਰਤੱਖ ਰੂਪ ਵਿਚ, ਪਰਮੇਸ਼ੁਰ ਦੀ ਨਜ਼ਰ ਵਿਚ, ਜਿਹੜਾ ਇਸਰਾਏਲੀ ਸਬਤ ਦੇ ਹੁਕਮ ਦਾ ਪਾਲਣ ਕਰਨ ਤੋਂ ਇਨਕਾਰ ਕਰ ਦਿੰਦਾ ਸੀ ਉਹ ਉਸ ਦੇ ਜਿੰਨਾ ਹੀ ਬਾਗੀ ਹੁੰਦਾ ਸੀ ਜਿਨ੍ਹਾਂ ਕਿ ਉਹ ਵਿਅਕਤੀ ਜਿਸ ਨੇ ਕਿਸੇ ਹੋਰ ਦੇਵਤੇ ਦੀ ਪੂਜਾ ਕੀਤੀ ਸੀ। ਪੀਟਰ ਐਨਸ ਨੇ ਲਿਖਿਆ ਕਿ ਜਿਵੇਂ ਕਿ ਡੇਹਰਾ "ਪਵਿੱਤਰ ਅਸਥਾਨ" ਸੀ ਸਬਤ "ਪਵਿੱਤਰ ਸਮਾਂ" ਸੀ।[3] ਕਿਸੇ ਨੂੰ ਵੀ ਉਸ ਸਮੇਂ ਜਾਂ ਅਸਥਾਨ ਨੂੰ ਅਪਵਿੱਤਰ ਨਹੀਂ ਕਰਨਾ ਚਾਹੀਦਾ ਜਿਹੜਾ ਪਰਮੇਸ਼ੁਰ ਨੇ ਪਵਿੱਤਰ ਬਣਾਇਆ ਹੈ।

## ਯੋਗਦਾਨ ਦੇਣ ਦਾ ਸੱਦਾ (35:4-9)

**4ਮੂਸਾ ਨੇ ਇਸਰਾਏਲੀਆਂ ਦੀ ਸਾਰੀ ਮੰਡਲੀ ਨੂੰ ਆਖਿਆ ਕਿ ਜਿਹੜੀ ਗੱਲ ਦਾ ਯਹੋਵਾਹ ਨੇ
ਹੁਕਮ ਦਿੱਤਾ ਹੈ ਉਹ ਏਹ ਹੈ, 5ਤੁਸੀਂ ਆਪਣਿਆਂ ਵਿੱਚੋਂ ਯਹੋਵਾਹ ਲਈ ਭੇਟ ਲਿਓ। ਜਿਹ ਦੇ ਮਨ
ਦੀ ਭਾਉਣੀ ਹੋਵੇ ਉਹ ਯਹੋਵਾਹ ਲਈ ਭੇਟ ਲਿਆਵੇ - ਸੋਨਾ ਚਾਂਦੀ ਪਿੱਤਲ 6ਅਰ ਨੀਲੇ ਬੈਂਗਣੀ
ਕਿਰਮਚੀ ਮਹੀਨ ਕਤਾਨ ਅਤੇ ਪਸ਼ਮ 7ਅਰ ਛੱਤ੍ਰਿਆਂ ਦੀਆਂ ਲਾਲ ਰੰਗੀਆਂ ਹੋਈਆਂ ਖੱਲਾਂ ਅਰ
ਬੱਕਰਿਆਂ ਦੀਆਂ ਖੱਲਾਂ ਅਰ ਸ਼ਿੱਟੀਮ ਦੀ ਲੱਕੜੀ 8ਅਰ ਦੀਵੇ ਦਾ ਤੇਲ ਅਰ ਮਸਹ ਕਰਨ ਦੇ ਤੇਲ
ਦਾ ਅਤੇ ਸੁਗੰਧੀ ਧੂਪ ਦਾ ਮਸਾਲਾ। 9ਸੁਲੇਮਾਨੀ ਪੱਥਰ ਅਤੇ ਏਫੋਦ ਅਰ ਸੀਨੇ ਬੰਦ ਵਿੱਚ ਜੜਨ
ਲਈ ਨਗ।**

**ਆਇਤਾਂ 4-9.** ਜਦ ਕਿ ਲੋਕ ਇਕੱਠੇ ਹੋਏ ਸਨ, ਖੁਸ਼ੀ ਦੀ ਭੇਟ ਦੇ ਲਈ ਪਰਮੇਸ਼ੁਰ ਦੀ ਬੁਲਾਹਟ ਅਨੁਸਾਰ (25:1-7), ਮੂਸਾ ਨੇ **ਮੰਡਲੀ** ਨੂੰ ਦੱਸਿਆ ਕਿ **ਯਹੋਵਾਹ** ਉਸ ਚੀਜ਼ ਦੀ ਸਵੈ-ਇੱਛਾ ਨਾਲ ਚੜ੍ਹਾਈ ਜਾਣ ਵਾਲੀ ਭੇਟ ਚਾਹੁੰਦਾ ਹੈ ਜਿਸ ਦੇ ਨਾਲ ਡੇਹਰਾ ਬਣਾਇਆ ਜਾਵੇਗਾ। ਕੀਮਤੀ ਧਾਤੂਆਂ (**ਸੋਨਾ, ਚਾਂਦੀ** ਅਤੇ **ਪਿੱਤਲ**) ਅਤੇ ਵੱਖ-ਵੱਖ ਤਰ੍ਹਾਂ ਦੇ ਕੱਪੜੇ (**ਮਹੀਨ ਕਤਾਨ, ਪਸ਼ਮ** ਅਤੇ **ਛੱਤ੍ਰਿਆਂ ਦੀਆਂ ਲਾਲ ਰੰਗੀਆਂ ਹੋਈਆਂ ਖੱਲਾਂ** ਸਮੇਤ) ਦੀ ਲੋੜ ਸੀ। ਸੂਚੀ ਵਿਚ **ਸ਼ਿੱਟੀਮ ਦੀ ਲੱਕੜੀ, ਤੇਲ, ਮਸਾਲੇ, ਸੁਗੰਧੀ ਧੂਪ** ਅਤੇ ਜਾਜਕਾਈ ਬਸਤਰਾਂ ਦੇ ਲਈ ਸੁਲੇਮਾਨੀ **ਪੱਥਰ** ਵੀ ਸ਼ਾਮਲ ਸਨ (25:1-7 ਤੇ ਟਿੱਪਣੀਆਂ ਵੇਖੋ)। ਭੇਟ ਦੇ ਲਈ ਇਸ ਸੱਦੇ ਦੇ ਨਤੀਜਿਆਂ ਬਾਰੇ 35:21-29 ਅਤੇ 36:1-7 ਵਿਚ ਦੱਸਿਆ ਗਿਆ ਹੈ।

## ਡੇਹਰੇ ਨੂੰ ਬਣਾਉਣ ਲਈ ਬੁਲਾਵੇ (35:10-19)

**10ਤੁਹਾਡੇ ਵਿੱਚੋਂ ਹਰ ਇੱਕ ਚਤਰਾ ਆਵੇ ਅਰ ਸਭ ਕੁਝ ਜਿਹ ਦਾ ਯਹੋਵਾਹ ਨੇ ਹੁਕਮ ਦਿੱਤਾ
ਹੈ ਬਣਾਵੇ। 11ਡੇਹਰਾ ਅਰ ਉਸ ਦਾ ਤੰਬੂ ਅਰ ਉਸ ਦਾ ਢੱਕਣ ਅਰ ਉਸ ਦੀਆਂ ਕੁੰਡੀਆਂ ਅਰ ਉਸ
ਦੀਆਂ ਫੱਟੀਆਂ ਅਰ ਉਸ ਦੇ ਹੋੜੇ ਉਸ ਦੀਆਂ ਥੰਮ੍ਹੀਆਂ ਅਰ ਉਸ ਦੀਆਂ ਚੀਥੀਆਂ। 12ਸੰਦੂਕ ਅਤੇ
ਉਸ ਦੀਆਂ ਚੋਬਾਂ ਪਰਾਸਚਿਤ ਦਾ ਸਰਪੋਸ਼ ਅਰ ਓਟ ਦਾ ਪੜਦਾ। 13ਮੇਜ਼ ਅਤੇ ਉਸ ਦੀਆਂ ਚੋਬਾਂ
ਅਤੇ ਉਸ ਦਾ ਸਾਰਾ ਸਮਾਨ ਅਤੇ ਹਜ਼ੂਰੀ ਦੀ ਰੋਟੀ। 14ਸ਼ਮਾਦਾਨ ਚਾਨਣਾ ਦੇਣ ਲਈ ਅਤੇ ਉਸ
ਦਾ ਸਮਾਨ ਅਰ ਉਸ ਦੇ ਦੀਵੇ ਅਤੇ ਚਾਨਣ ਲਈ ਤੇਲ। 15ਧੂਪ ਦੀ ਜਗਵੇਦੀ ਅਤੇ ਉਸ ਦੀਆਂ**

**ਚੋਬਾਂ ਅਤੇ ਮਸਹ ਕਰਨ ਦਾ ਤੇਲ ਸੁਗੰਧੀ ਧੂਪ ਅਤੇ ਡੇਹਰੇ ਦੇ ਦਰਵੱਜੇ ਕੋਲ ਬੂਹੇ ਦੀ ਓਟ।**
**[16]ਅਤੇ ਹੋਮ ਦੀ ਜਗਵੇਦੀ ਅਤੇ ਉਹ ਦੇ ਲਈ ਪਿੱਤਲ ਦੀ ਝੰਜਰੀ ਅਤੇ ਉਹ ਦੀਆਂ ਚੋਬਾਂ ਅਰ**
**ਉਸ ਦਾ ਸਾਰਾ ਸਮਾਨ ਹੌਦ ਅਤੇ ਉਹ ਦੀ ਚੌਂਕੀ। [17]ਹਾਤੇ ਦੀਆਂ ਕਨਾਤਾਂ ਅਰ ਉਸ ਦੀਆਂ ਥੰਮ੍ਹੀਆਂ**
**ਅਰ ਉਸ ਦੀਆਂ ਚੀਥੀਆਂ ਅਰ ਹਾਤੇ ਦੇ ਫਾਟਕ ਦੀ ਓਟ। [18]ਡੇਹਰੇ ਦੀਆਂ ਕੀਲੀਆਂ ਅਤੇ ਹਾਤੇ**
**ਦੀਆਂ ਕੀਲੀਆਂ ਅਰ ਉਨ੍ਹਾਂ ਦੀਆਂ ਲਾਸਾਂ। [19]ਅਤੇ ਮਹੀਨ ਉਣੇ ਹੋਏ ਬਸਤ੍ਰ ਪਵਿੱਤ੍ਰ ਅਸਥਾਨ ਵਿੱਚ**
**ਉਪਾਸਨਾ ਲਈ ਅਤੇ ਹਾਰੂਨ ਜਾਜਕ ਲਈ ਪਵਿੱਤ੍ਰ ਬਸਤ੍ਰ ਅਰ ਉਹ ਦੇ ਪੁੱਤ੍ਰਾਂ ਲਈ ਅਤੇ ਓਹਨਾਂ**
**ਦੇ ਜਾਜਕਾਈ ਦੇ ਕੰਮ ਲਈ ਬਸਤ੍ਰ।**

**ਆਇਤ 10.** ਮੂਸਾ ਨੇ ਮੰਡਲੀ ਨੂੰ ਉਸ ਕੰਮ ਨੂੰ ਪੂਰਾ ਕਰਨ ਦੀ ਚੁਣੌਤੀ ਦਿੱਤੀ ਸੀ ਜੋ ਯਹੋਵਾਹ ਦੁਆਰਾ ਉਨ੍ਹਾਂ ਨੂੰ ਸੌਂਪਿਆ ਗਿਆ ਸੀ। ਇਸ ਆਇਤ ਵਿਚ ਕਥਨ ਬਾਕੀ ਦੇ ਅਧਿਆਇ ਅਤੇ ਅਗਲੇ ਤਿੰਨ ਅਧਿਆਵਾਂ ਦੇ ਲਈ ਇਕ ਭੂਮਿਕਾ ਦਾ ਕੰਮ ਕਰਦਾ ਹੈ। ਮੂਸਾ ਨੇ ਦੱਸਿਆ ਕਿ ਡੇਹਰੇ ਨੂੰ ਬਣਾਉਣ ਦਾ ਕੰਮ ਕਿਨ੍ਹਾਂ ਨੇ ਕਰਨਾ ਸੀ - **ਤੁਹਾਡੇ ਵਿੱਚੋਂ ਹਰ ਇੱਕ ਚਤਰਾ** - ਅਤੇ ਉਨ੍ਹਾਂ ਨੇ ਕੀ ਬਣਾਉਣਾ ਸੀ - **ਜਿਹ ਦਾ ਯਹੋਵਾਹ ਨੇ ਹੁਕਮ ਦਿੱਤਾ ਹੈ।** ਜਿੱਥੋਂ ਤੱਕ ਸਮੱਗਰੀ ਦੇ ਪ੍ਰਬੰਧ ਦੀ ਗੱਲ ਸੀ, ਨਿਰਮਾਣ ਦੇ ਲਈ ਮਜਦੂਰੀ ਸਵੈ-ਇੱਛਾ ਦੇ ਆਧਾਰ ਤੇ ਦਿੱਤੀ ਜਾਣੀ ਸੀ। ਜਿਨ੍ਹਾਂ ਨੂੰ ਅਸਲ ਨਿਰਮਾਣ ਕਰਨ ਦੇ ਲਈ ਬੁਲਾਇਆ ਗਿਆ ਸੀ "ਚਤਰੇ" ਕਾਮੇ ਸਨ। ਸਪੱਸ਼ਟ ਤੌਰ ਤੇ, ਜਦ ਕਿ ਇਸਰਾਏਲੀਆਂ ਨੇ ਉਨ੍ਹਾਂ ਦੇ ਧਨ ਦੇ ਯੋਗਦਾਨ ਦੇ ਨਾਲ-ਨਾਲ ਆਪਣੇ ਸਮੇਂ ਦਾ ਵੀ ਯੋਗਦਾਨ ਦੇਣਾ ਸੀ ਅਤੇ ਇਸ ਕੰਮ ਨੂੰ ਸਫ਼ਲਤਾਪੂਰਵਕ ਪੂਰਾ ਕਰਨ ਦੇ ਲਈ ਆਪਣੇ-ਆਪਣੇ ਹੁਨਰ ਨੂੰ ਵੀ ਇਸਤੇਮਾਲ ਕਰਨਾ ਸੀ। ਡੇਹਰੇ ਦਾ ਕੰਮ ਸੰਪੂਰਨ ਹੋਣ ਤੋਂ ਬਾਅਦ, ਕੂਚ ਦੀ ਪੁਸਤਕ ਆਖਦੀ ਹੈ ਕਿ ਇਸਰਾਏਲੀਆਂ ਨੇ ਸੱਚਮੁੱਚ "ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਕੀਤਾ" (39:32, 42)।

**ਆਇਤਾਂ 11-19.** ਮੂਸਾ ਨੇ ਇੱਥੇ ਨਾ ਸਿਰਫ ਇਹ ਦੱਸਿਆ ਕਿ ਇਸਰਾਏਲੀਆਂ ਨੇ ਉਹ ਸਭ ਬਣਾਉਣਾ ਸੀ ਜਿਸ ਦੇ ਬਣਾਉਣ ਦੀ ਮੰਗ ਯਹੋਵਾਹ ਨੇ ਕੀਤੀ ਸੀ, ਪਰ ਉਸ ਨੇ ਉਹ ਵੀ ਦੁਹਰਾਇਆ ਜੋ ਯਹੋਵਾਹ ਚਾਹੁੰਦਾ ਸੀ ਕਿ ਉਹ ਬਣਾਉਣ। 11 ਤੋਂ 19 ਆਇਤਾਂ ਉਨ੍ਹਾਂ ਵੱਖ-ਵੱਖ ਚੀਜ਼ਾਂ ਦੀ ਸੂਚੀ ਦੇਣ ਦੁਆਰਾ ਜੋ ਇਸਰਾਏਲੀਆਂ ਨੇ ਬਣਾਉਣੀਆਂ ਸਨ ਡੇਹਰੇ ਦੀ ਅਸਲ ਰਚਨਾ ਦੇ ਵਿਰਤਾਂਤ ਨਾਲ ਜਾਣ ਪਛਾਣ ਕਰਾਉਂਦੀਆਂ ਹਨ:

1. **ਡੇਹਰਾ**, ਅਰਥਾਤ, **ਤੰਬੂ** (35:11)
2. ਨੇਮ ਦਾ **ਸੰਦੂਕ** (35:12)
3. **ਪਰਾਸਚਿਤ ਦਾ ਸਰਪੋਸ਼** (35:12)
4. **ਓਟ ਦਾ ਪੜਦਾ** (35:12)
5. ਹਜ਼ੂਰੀ ਦੀ ਰੋਟੀ ਦੀ **ਮੇਜ਼** (35:13)
6. **ਸ਼ਮਾਦਾਨ** (35:14)
7. **ਧੂਪ ਦੀ ਜਗਵੇਦੀ** (35:15)
8. **ਤੇਲ ਅਤੇ ਸੁਗੰਧੀ ਧੂਪ** (35:15)
9. ਡੇਹਰੇ ਦੇ ਦਰਵੱਜੇ ਕੋਲ **ਬੂਹੇ** ਦੀ **ਓਟ** (35:15)
10. **ਹੋਮ ਦੀ ਜਗਵੇਦੀ** (35:16)
11. **ਹਾਤਾ** (35:17, 18)
12. ਜਾਜਕਾਈ ਦੇ ਕੰਮ ਲਈ **ਬਸਤ੍ਰ** (35:19).

25 ਤੋਂ 31 ਅਧਿਆਵਾਂ ਵਿਚ ਉਹ ਹਦਾਇਤਾਂ ਹਨ ਜੋ ਮੂਸਾ ਨੂੰ ਇਨ੍ਹਾਂ ਚੀਜ਼ਾਂ ਨੂੰ ਬਣਾਉਣ ਦੇ ਲਈ ਮਿਲੀਆਂ ਸਨ ਅਤੇ 36 ਤੋਂ 39 ਅਧਿਆਇ ਦੱਸਦੇ ਹਨ ਕਿ ਉਹ ਕਿਵੇਂ ਬਣਾਈਆਂ ਗਈਆਂ ਸਨ। ਮੂਲ ਲਿਖਤ ਇਹ ਵੀ ਜ਼ੋਰ ਦਿੰਦੀ ਹੈ ਕਿ ਇਸਰਾਏਲੀਆਂ ਨੇ ਉਹ ਸਭ ਚੀਜ਼ਾਂ ਬਣਾਈਆਂ ਜਿਨ੍ਹਾਂ ਦੀ ਯਹੋਵਾਹ ਨੇ 39:32-41 ਵਿਚ ਵਸਤੂ ਸੂਚੀ ਸ਼ਾਮਲ ਕਰਨ ਦੁਆਰਾ ਮੰਗ ਕੀਤੀ ਸੀ ਜੋ ਬਣਾਈਆਂ ਗਈਆਂ ਸਨ ਜਦੋਂ ਕੰਮ ਪੂਰਾ ਹੋ ਗਿਆ ਸੀ।

## ਖ਼ੁਸ਼ੀ ਦੀ ਭੇਟ (35:20-29)

**[20]ਇਸਰਾਏਲੀਆਂ ਦੀ ਸਾਰੀ ਮੰਡਲੀ ਮੂਸਾ ਦੇ ਅੱਗੋਂ ਬਾਹਰ ਗਈ। [21]ਅਤੇ ਸਾਰੇ ਮਨੁੱਖ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪਰੇਰਿਆ ਆਏ ਅਤੇ ਜਿਨ੍ਹਾਂ ਦੇ ਆਤਮਾ ਨੇ ਉਸ ਦੀ ਭਾਉਣੀ ਕੀਤੀ ਓਹ ਯਹੋਵਾਹ ਲਈ ਭੇਟਾਂ ਮੰਡਲੀ ਦੇ ਤੰਬੂ ਦੇ ਬਣਾਉਣ ਲਈ ਅਤੇ ਉਸ ਦੀ ਸਾਰੀ ਉਪਾਸਨਾ ਲਈ ਅਤੇ ਪਵਿੱਤ੍ਰ ਬਸਤ੍ਰਾਂ ਲਈ ਲਿਆਏ। [22]ਮਨੁੱਖ ਅਤੇ ਉਨ੍ਹਾਂ ਦੇ ਨਾਲ ਤੀਵੀਆਂ ਆਈਆਂ ਅਤੇ ਮਨ ਦੀ ਭਾਉਣੀ ਨਾਲ ਜੁਗਨੀਆਂ ਨਥਾਂ ਛਾਪਾਂ ਅਤੇ ਹਾਰ ਸਾਰੇ ਸੋਨੇ ਦੇ ਗਹਿਣੇ ਲਿਆਏ ਅਰ ਸਾਰੇ ਮਨੁੱਖਾਂ ਨੇ ਯਹੋਵਾਹ ਲਈ ਸੋਨੇ ਦੀਆਂ ਭੇਟਾਂ ਦਿੱਤੀਆਂ। [23]ਅਤੇ ਜਿਨ੍ਹਾਂ ਮਨੁੱਖਾਂ ਕੋਲੋਂ ਨੀਲਾ ਬੈਂਗਣੀ ਅਰ ਕਿਰਮਚੀ ਸੂਤ ਅਰ ਮਹੀਨ ਕਤਾਨ ਅਤੇ ਪਸ਼ਮ ਅਰ ਛੱਤ੍ਰਿਆਂ ਦੀਆਂ ਲਾਲ ਰੰਗੀਆਂ ਹੋਈਆਂ ਖੱਲਾਂ ਅਤੇ ਬੱਕਰਿਆਂ ਦੀਆਂ ਖੱਲਾਂ ਲੱਭੀਆਂ ਓਹ ਲਿਆਏ। [24]ਜਿੰਨਿਆਂ ਨੇ ਚਾਂਦੀ ਅਤੇ ਪਿੱਤਲ ਦੀਆਂ ਭੇਟਾਂ ਚੜ੍ਹਾਉਣੀਆਂ ਚਾਹੀਆਂ ਓਹ ਯਹੋਵਾਹ ਲਈ ਭੇਟਾਂ ਲਿਆਏ ਅਤੇ ਜਿੰਨਿਆਂ ਦੇ ਕੋਲੋਂ ਸ਼ਿੱਟੀਮ ਦੀ ਲੱਕੜੀ ਉਪਾਸਨਾ ਦੇ ਕਿਸੇ ਕੰਮ ਲਈ ਲੱਭੀ ਓਹ ਲਿਆਏ। [25]ਅਤੇ ਸਾਰੀਆਂ ਚਤਰੀਆਂ ਇਸਤਰੀਆਂ ਨੇ ਆਪਣੇ ਹੱਥੀਂ ਕੱਤਿਆ ਅਤੇ ਜੋ ਕੱਤਿਆ ਉਹ ਲੈ ਆਈਆਂ, ਅਰਥਾਤ ਨੀਲਾ ਬੈਂਗਣੀ ਅਰ ਕਿਰਮਚੀ ਮਹੀਨ ਕਤਾਨ। [26]ਅਤੇ ਸਾਰੀਆਂ ਇਸਤਰੀਆਂ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਬੁੱਧ ਨਾਲ ਪਰੇਰਿਆ ਪਸ਼ਮ ਕੱਤੀ। [27]ਅਤੇ ਸਰਦਾਰ ਸੁਲੇਮਾਨੀ ਪੱਥਰ ਅਰ ਏਫ਼ੋਦ ਅਰ ਸੀਨੇ ਬੰਦ ਵਿੱਚ ਜੜਨ ਲਈ ਨਗ ਲਿਆਏ। [28]ਅਰ ਮਸਾਲਾ ਅਤੇ ਚਾਨਣੇ ਲਈ ਤੇਲ ਅਤੇ ਮਸਹ ਕਰਨ ਲਈ ਤੇਲ ਅਰ ਸੁਗੰਧੀ ਧੂਪ। [29]ਅਰ ਇਸਰਾਏਲੀਆਂ ਦੇ ਸਾਰੇ ਮਨੁੱਖ ਅਤੇ ਇਸਤਰੀਆਂ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪਰੇਰਿਆ ਕਿ ਓਹ ਸਾਰੇ ਕੰਮ ਲਈ ਲਿਆਉਣ ਜਿਹ ਦਾ ਯਹੋਵਾਹ ਨੇ ਮੂਸਾ ਦੇ ਰਾਹੀਂ ਬਣਾਉਣ ਦਾ ਹੁਕਮ ਦਿੱਤਾ ਸੀ ਓਹ ਯਹੋਵਾਹ ਲਈ ਖ਼ੁਸ਼ੀ ਦੀਆਂ ਭੇਟਾਂ ਲਿਆਏ।**

**ਆਇਤ 20.** ਦੇਣ ਲਈ ਮੂਸਾ ਦੇ ਬੁਲਾਵੇ ਦਾ ਨਤੀਜਾ ਇਕ ਖੁੱਲ੍ਹਦਿਲਾ ਯੋਗਦਾਨ ਸੀ। ਉਸ ਦਾਨ ਦੇ ਲਈ ਬੇਨਤੀ ਨੂੰ ਸੁਣਨ ਤੋਂ ਬਾਅਦ ਜਿਸ ਦੇ ਨਾਲ ਡੇਹਰਾ ਬਣਾਇਆ ਜਾਣਾ ਸੀ, ਲੋਕ **ਮੂਸਾ ਦੇ ਅੱਗੋਂ ਚਲੇ ਗਏ**। ਮੰਡਲੀ ਖਾਰਜ ਹੋ ਗਈ ਅਤੇ ਹਰ ਕੋਈ ਉਹ ਇਕੱਠਾ ਕਰਨ ਦੇ ਲਈ ਜੋ ਉਹ ਦੇ ਸਕਦਾ ਜਾਂ ਸਕਦੀ ਸੀ ਆਪਣੇ-ਆਪਣੇ ਤੰਬੂ ਵਿਚ ਚਲਾ ਗਿਆ।

**ਆਇਤਾਂ 21-28.** ਇਸਰਾਏਲੀਆਂ ਦੇ "ਮੂਸਾ ਦੇ ਅੱਗੋਂ" ਜਾਣ ਤੋਂ ਬਾਅਦ, ਉਹ **ਆਏ ਅਤੇ ਯਹੋਵਾਹ ਲਈ ਭੇਟਾਂ ਲਿਆਏ**। ਇਬਰਾਨੀ ਭਾਸ਼ਾ ਵਿਚ, 21 ਅਤੇ 22 ਆਇਤਾਂ ਦੋਵੇਂ "ਅਤੇ ਉਹ ਆਏ" (וַיָּבֹאוּ, *ਵਯਾਬੋ ਯੁ)* ਨਾਲ ਸ਼ੁਰੂ ਹੁੰਦੀਆਂ ਹਨ। ਕਸੁੱਟੋ ਨੇ ਟਿੱਪਣੀ ਕੀਤੀ ਸੀ ਕਿ ਇਹ ਭਾਸ਼ਾ ਇਸਰਾਏਲੀਆਂ ਦੀ ਪ੍ਰਤੀਕਿਰਿਆ ਦੀ ਤੇਜ਼ੀ ਬਾਰੇ ਦੱਸਦੀ ਹੈ। ਉਸ ਨੇ ਇਹ ਟਿੱਪਣੀ ਕੀਤੀ ਸੀ, "ਜਿਵੇਂ ਹੀ ਮੂਸਾ ਨੇ ਲੋਕਾਂ ਨੂੰ ਸੰਬੋਧਿਤ ਕਰਨਾ ਬੰਦ ਕੀਤਾ ਉਹ ਆਪਣੀਆਂ-ਆਪਣੀਆਂ ਭੇਟਾਂ ਲੈਣ ਦੇ ਲਈ ਨਿੱਕਲ ਗਏ ਅਤੇ ਤੁਰੰਤ ਆਪਣੀਆਂ ਭੇਟਾਂ ਲੈ ਕੇ ਵਾਪਸ ਆ ਗਏ।"[4]

ਮੂਸਾ ਨੇ ਆਖਿਆ ਸੀ ਕਿ "ਜਿਹ ਦੇ ਮਨ ਦੀ ਭਾਉਣੀ ਹੋਵੇ" (35:5) ਉਸ ਨੇ ਦੇਣਾ ਸੀ। ਫਿਰ ਮੂਲ ਲਿਖਤ ਆਖਦੀ ਹੈ ਕਿ **ਸਾਰੇ ਮਨੁੱਖ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪਰੇਰਿਆ ਅਤੇ ਜਿਨ੍ਹਾਂ ਦੇ**

**ਆਤਮਾ ਨੇ ਉਸ ਦੀ ਭਾਉਣੀ ਕੀਤੀ** ਇਹ ਭੇਟਾਂ ਦਿੱਤੀਆਂ। ਫਿਰ ਇਹ ਭੇਟਾਂ ਇੱਛਾ ਨਾਲ, ਸਵੈ-ਇੱਛਾ ਨਾਲ, ਖੁਸ਼ੀ ਨਾਲ ਦਿੱਤੀਆਂ ਗਈਆਂ ਸਨ, ਬਾਹਰੀ ਦਬਾਅ ਤੋਂ ਨਹੀਂ ਪਰ ਅੰਦਰੂਨੀ ਮਨੋਵੇਗਾਂ ਤੋਂ ਉਤੇਜਿਤ ਹੋ ਕੇ। ਜੇਕਰ ਕੋਈ ਪੁਰਾਣੇ ਨੇਮ ਦੀ ਸ਼ਰਾ ਨੂੰ ਬਾਹਰੀ ਅਤੇ ਜਿਹੜੇ ਇਸ ਸ਼ਰਾ ਦੇ ਅਧੀਨ ਸਨ ਉਨ੍ਹਾਂ ਨੂੰ ਸਿਰਫ ਵਿਨਾਸ਼ ਦੇ ਡਰ ਦੁਆਰਾ ਪ੍ਰੇਰਿਤ ਹੋਣ ਦੇ ਬਾਰੇ ਸੋਚਣ ਦੇ ਲਈ ਪਰਤਾਇਆ ਜਾਂਦਾ ਹੈ, ਉਸ ਨੂੰ ਡੇਹਰੇ ਦੇ ਲਈ ਯੋਗਦਾਨ ਵਿਚ ਇਸਰਾਏਲੀਆਂ ਦੇ ਇੱਛੁਕ ਸਹਿਯੋਗ ਤੇ ਵਿਚਾਰ ਕਰਨਾ ਚਾਹੀਦਾ ਹੈ।

ਆਇਤ 22 ਵਿਚ "ਸਾਰੇ" ਸ਼ਬਦ ਵਿਸ਼ੇਸ਼ ਕਰਕੇ **ਤੀਵੀਆਂ** ਨੂੰ ਸ਼ਾਮਲ ਕਰਦਾ ਹੈ, ਜਿਨ੍ਹਾਂ ਨੇ, ਪੁਰਸ਼ਾਂ ਦੇ ਨਾਲ, ਉਨ੍ਹਾਂ ਦੇ ਸੋਨੇ ਦੇ ਗਹਿਣੇ ਦੇ ਦਿੱਤੇ (35:22)। "ਚਤਰੀਆਂ ਇਸਤਰੀਆਂ" ਨੇ ਵੀ ਇਸ ਕੰਮ ਦੇ ਲਈ ਦੇਣ ਵਾਸਤੇ ਕੁਝ ਚੀਜ਼ਾਂ ਬਣਾਈਆਂ ਸਨ (35:25, 26)। ਇਸਤਰੀਆਂ ਨੇ ਵੀ ਯੋਗਦਾਨ ਪਾਉਣਾ ਸੀ ਅਤੇ ਉਨ੍ਹਾਂ ਨੇ ਇਹ ਯੋਗਦਾਨ ਪਾਇਆ। ਇਹ ਇਕ ਅਜਿਹਾ ਯੋਗਦਾਨ ਸੀ ਜੋ "ਸਾਰੇ" ਪਾ ਸਕਦੇ ਸਨ ਅਤੇ ਸਾਰਿਆਂ ਨੇ ਇਸ ਵਿਚ ਹਿੱਸਾ ਲਿਆ।

ਜਿਹੜੇ ਭੇਟਾਂ ਲੈ ਕੇ ਆਏ ਸਨ ਅਤੇ ਜੋ ਉਹ ਲੈ ਕੇ ਆਏ ਸਨ ਉਸ ਦਾ ਖੁਲਾਸਾ ਹੇਠਾਂ ਦਿੱਤੇ ਗਏ ਚਾਰਟ ਵਿਚ ਕੀਤਾ ਗਿਆ ਹੈ।

| **ਉਹ ਜਿਨ੍ਹਾਂ ਨੇ ਦਿੱਤਾ** | **ਭੇਟਾਂ** | **ਵਚਨ ਦਾ ਹਵਾਲਾ** |
|---|---|---|
| ਪੁਰਸ਼ ਅਤੇ ਇਸਤਰੀਆਂ | ਸੋਨੇ ਦੇ ਗਹਿਣੇ | 35:22 |
| ਪੁਰਸ਼ਾਂ | ਕੱਪੜਾ ਅਤੇ ਰੰਗੀਆਂ ਹੋਈਆਂ ਖੱਲਾਂ | 35:23 |
| ਹਰ ਕਿਸੇ ਨੇ | ਚਾਂਦੀ ਅਤੇ ਪਿੱਤਲ | 35:24 |
| ਹਰੇਕ ਪੁਰਸ਼ | ਸ਼ਿੱਟੀਮ ਦੀ ਲੱਕੜੀ | 35:24 |
| ਇਸਤਰੀਆਂ | ਹੱਥੀਂ ਕੱਤਿਆ ਕੱਪੜਾ | 35:25, 26 |
| ਸਰਦਾਰ | ਸੁਲੇਮਾਨੀ ਪੱਥਰ, ਮਸਾਲਾ, ਤੇਲ | 35:27, 28 |

ਨਤੀਜਾ ਇਹ ਹੋਇਆ ਕਿ ਵੱਖ-ਵੱਖ ਕਿਸਮ ਦੀ ਸਮੱਗਰੀ ਜਿਸ ਦੀ ਪਰਮੇਸ਼ੁਰ ਨੇ ਮੰਗ ਕੀਤੀ ਸੀ ਦੇ ਦਿੱਤੀ ਗਈ (ਵੇਖੋ 35:5-9)।

**ਆਇਤ 29.** ਲੇਖਕ ਨੇ ਇਹ ਪੈਰ੍ਹਾ ਸੰਖੇਪ ਵਾਕ ਨਾਲ ਖਤਮ ਕੀਤਾ: **ਇਸਰਾਏਲੀਆਂ ਦੇ ਸਾਰੇ ਮਨੁੱਖ ... ਖ਼ੁਸ਼ੀ ਦੀਆਂ ਭੇਟਾਂ ਲਿਆਏ।** ਪਰਮੇਸ਼ੁਰ ਦੇ ਹੁਕਮਾਂ ਦੇ ਪ੍ਰਤੀ ਉਨ੍ਹਾਂ ਦੀ ਆਗਿਆਕਾਰੀ ਅਤੇ ਉਨ੍ਹਾਂ ਦੀ ਨਿੱਘੀ ਖੁੱਲ੍ਹਦਿਲੀ ਦਾ ਪਤਾ ਲੱਗ ਗਿਆ।

ਇਕ ਸਵਾਲ ਜੋ ਪੁੱਛਿਆ ਜਾ ਸਕਦਾ ਹੈ ਉਹ ਇਹ ਹੈ: ਇਸਰਾਏਲੀ ਇੰਨੇ ਖੁੱਲ੍ਹਦਿਲੇ ਕਿਉਂ ਸਨ? ਜੋ ਕੋਈ ਉਨ੍ਹਾਂ ਦੀ ਕਹਾਣੀ ਨੂੰ ਜਾਣਦਾ ਹੈ ਇਹ ਜਾਣਦਾ ਹੈ ਕਿ ਹੁਣ ਤੱਕ ਉਹ ਭੁਲੱਕੜ, ਨਾਸ਼ੁਕਰੇ ਅਤੇ ਬਾਗੀ ਸਨ। ਕਿਉਂ, ਅਚਾਣਕ, ਉਹ ਯਹੋਵਾਹ ਦੇ ਲਈ ਦੇਣ ਵਿਚ ਇੰਨੇ ਖੁੱਲ੍ਹਦਿਲੇ ਅਤੇ ਉਦਾਰਵਾਦੀ ਬਣ ਗਏ ਸਨ? ਸ਼ਾਇਦ ਇਸ ਦਾ ਜਵਾਬ ਉਨ੍ਹਾਂ ਦੇ ਹਾਲ ਹੀ ਦੇ ਅਨੁਭਵ ਵਿਚ ਛੁਪਿਆ ਹੈ। ਉਨ੍ਹਾਂ ਨੇ ਪਰਮੇਸ਼ੁਰ ਦੇ ਵਿਰੁੱਧ ਬਗਾਵਤ ਕੀਤੀ ਸੀ ਅਤੇ ਉਨ੍ਹਾਂ ਨੂੰ ਉਨ੍ਹਾਂ ਦੀ ਬਗਾਵਤ

ਦੇ ਲਈ ਸਜ਼ਾ ਮਿਲੀ ਸੀ। ਸਭ ਤੋਂ ਮਹੱਤਵਪੂਰਣ ਗੱਲ, ਪਰਮੇਸ਼ੁਰ ਨੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਤਿਆਗਣ ਦੀ ਚਿਤਾਵਨੀ ਦਿੱਤੀ ਸੀ। ਉਹ ਨਰਕ ਦੇ ਕਿਨਾਰੇ ਸਨ ਅਤੇ ਇਸ ਦੀਆਂ ਲਾਟਾਂ ਤੋਂ ਬਾਲ-ਬਾਲ ਬਚੇ ਸਨ। ਪਰਮੇਸ਼ੁਰ ਦੁਆਰਾ ਉਨ੍ਹਾਂ ਨੂੰ ਮਾਫ਼ ਕਰਨ ਦੇ ਬਾਅਦ ਵੀ, ਪਰਮੇਸ਼ੁਰ ਨੇ ਉਨ੍ਹਾਂ ਤੋਂ ਆਪਣੀ ਹਜ਼ੂਰੀ ਨੂੰ ਹਟਾਉਣ ਦੀ ਧਮਕੀ ਦਿੱਤੀ ਸੀ। ਫਿਰ ਵੀ ਪਰਮੇਸ਼ੁਰ ਨੇ ਉਨ੍ਹਾਂ ਨੂੰ ਕਿਰਪਾ ਦੀ ਪੇਸ਼ਕਸ਼ ਕੀਤੀ ਸੀ: ਦਰਅਸਲ, ਉਸ ਨੇ ਆਖਿਆ ਕਿ ਜੇਕਰ ਉਹ ਉਸ ਦੇ ਲਈ ਇਕ ਭਵਨ ਬਣਾਉਣਗੇ, ਤਾਂ ਉਹ ਉਨ੍ਹਾਂ ਦੇ ਨਾਲ ਵੱਸੇਗਾ। ਫਿਰ, ਇਸ ਵਿਚ ਕੋਈ ਹੈਰਾਨ ਹੋਣ ਵਾਲੀ ਗੱਲ ਨਹੀਂ ਹੈ ਕਿ ਉਹ ਯੋਗਦਾਨ ਪਾਉਣ ਦੇ ਲਈ ਖੁਸ਼ ਸਨ! ਲੋਕ ਜਿਨ੍ਹਾਂ ਨੂੰ ਨਰਕ ਦੇ ਜਬਾੜ੍ਹਿਆਂ ਵਿੱਚੋਂ ਖਿੱਚਿਆ ਗਿਆ ਹੈ ਅਤੇ ਜਿਨ੍ਹਾਂ ਨੂੰ ਸੁਰਗ ਦਾ ਵਾਅਦਾ ਦਿੱਤਾ ਗਿਆ ਹੈ ਸੰਭਵ ਤੌਰ ਤੇ ਧੰਨਵਾਦੀ ਅਤੇ ਉਦਾਰਵਾਦੀ ਹੋਣਗੇ।

## ਡੇਹਰੇ ਨੂੰ ਬਣਾਉਣ ਵਾਲੇ ਕਾਰੀਗਰ (35:30-35)

**30ਮੂਸਾ ਨੇ ਇਸਰਾਏਲੀਆਂ ਨੂੰ ਆਖਿਆ, ਵੇਖੋ ਬਸਲਏਲ ਹੂਰ ਦੇ ਪੋਤ੍ਰੇ ਅਤੇ ਊਰੀ ਦੇ ਪੁੱਤ੍ਰ ਨੂੰ
ਜਿਹੜਾ ਯਹੂਦਾਹ ਦੇ ਗੋਤ ਦਾ ਹੈ ਯਹੋਵਾਹ ਦੇ ਨਾਉਂ ਲੈ ਕੇ ਬੁਲਾਇਆ ਹੈ। 31ਅਤੇ ਉਸ ਨੇ ਉਹ
ਨੂੰ ਪਰਮੇਸ਼ੁਰ ਦੇ ਆਤਮਾ ਤੋਂ ਬੁੱਧ, ਸਮਝ, ਵਿੱਦਿਆ ਅਤੇ ਸਾਰੀ ਕਾਰੀਗਰੀ ਨਾਲ ਭਰਪੂਰ ਕੀਤਾ
ਹੈ। 32ਕਿ ਉਹ ਚਤਰਾਈ ਦਾ ਕੰਮ ਕੱਢੇ ਅਤੇ ਸੋਨੇ ਚਾਂਦੀ ਅਰ ਪਿੱਤਲ ਦਾ ਕੰਮ ਕਰੇ। 33ਅਤੇ
ਪੱਥਰਾਂ ਨੂੰ ਜੜਨ ਲਈ ਉੱਕਰੇ ਅਤੇ ਲੱਕੜੀ ਦੀ ਚਿੱਤਰਕਾਰੀ ਕਰੇ ਅਰਥਾਤ ਸਭ ਪਰਕਾਰ ਦੀ
ਚਤਰਾਈ ਦਾ ਕੰਮ ਕਰੇ। 34ਅਤੇ ਉਸ ਨੇ ਸਿਖਲਾਉਣ ਦੀ ਬੁੱਧ ਉਸ ਨੂੰ ਨਾਲੇ ਦਾਨ ਦੇ ਗੋਤ ਦੇ
ਅਹੀਸਾਮਕ ਦੇ ਪੁੱਤ੍ਰ ਆਹਾਲੀਆਬ ਨੂੰ ਦਿੱਤੀ। 35ਉਸ ਨੇ ਉਨ੍ਹਾਂ ਦੇ ਮਨਾਂ ਨੂੰ ਬੁੱਧ ਨਾਲ ਭਰਪੂਰ
ਕੀਤਾ ਕਿ ਓਹ ਹਰ ਪਰਕਾਰ ਦਾ ਕਾਰੀਗਰੀ ਦਾ ਕੰਮ ਕਰਨ ਅਰਥਾਤ ਉੱਕਰਾਵੇ ਦਾ ਚਤੇਰੇ ਦਾ
ਅਤੇ ਕਸੀਦੇਕਾਰ ਦਾ ਅਤੇ ਨੀਲੇ ਬੈਂਗਣੀ ਕਿਰਮਚੀ ਮਹੀਨ ਕਤਾਨ ਦਾ ਅਤੇ ਜੁਲਾਹੇ ਦਾ ਅਰ
ਸਾਰੀ ਕਾਰੀਗਰੀ ਦੇ ਕਰਨ ਵਾਲਿਆਂ ਦਾ ਅਤੇ ਚਤਰਾਈ ਦੇ ਕੰਮ ਦੇ ਕਰਿੰਦਿਆਂ ਦਾ ਕੰਮ।**

**ਆਇਤ 30.** **ਯਹੋਵਾਹ** ਨੇ **ਮੂਸਾ** ਨੂੰ ਡੇਹਰੇ ਨੂੰ ਬਣਾਉਣ ਸੰਬੰਧੀ ਆਪਣੀਆਂ ਹਦਾਇਤਾਂ ਉਨ੍ਹਾਂ ਮਨੁੱਖਾਂ ਦੇ ਨਾਉਂ ਲੈ ਕੇ ਖਤਮ ਕੀਤੀਆਂ ਜਿਨ੍ਹਾਂ ਨੇ ਇਸ ਨੂੰ ਬਣਾਉਣ ਵਿਚ ਅਗਵਾਈ ਕਰਨੀ ਸੀ (31:1-6 ਤੇ ਟਿੱਪਣੀਆਂ ਵੇਖੋ)। ਜਦੋਂ ਬਣਾਉਣ ਦਾ ਕੰਮ ਸ਼ੁਰੂ ਹੋਣ ਦੇ ਲਈ ਤਿਆਰ ਸੀ, ਮੂਸਾ ਨੇ ਲੋਕਾਂ ਦੇ ਅੱਗੇ ਪਰਮੇਸ਼ੁਰ ਦੀਆਂ ਗੱਲਾਂ ਨੂੰ ਦੁਹਰਾਇਆ, ਉਨ੍ਹਾਂ ਨੂੰ ਇਹ ਦੱਸਦੇ ਹੋਏ ਕਿ **ਬਸਲਏਲ** ਨੇ ਸਾਰੇ ਕੰਮ ਦੀ ਨਿਗਰਾਨੀ ਕਰਨੀ ਸੀ (ਵੇਖੋ 36:1, 2; 37:1; 38:22, 23)।

**ਆਇਤ 31.** ਬਸਲਏਲ ਇਸ ਕੰਮ ਦੇ ਲਈ ਯੋਗ ਸੀ ਕਿਉਂਕਿ ਉਹ ਇਕ ਨਿਪੁੰਨ ਅਤੇ ਬਹੁਗੁਣ ਕਾਰੀਗਰ ਸੀ ਅਤੇ ਇਸ ਕੰਮ ਨੂੰ ਪੂਰਾ ਕਰਨ ਦੇ ਲਈ ਲੋੜੀਂਦੇ ਹਰ ਖੇਤਰ ਵਿਚ ਕੰਮ ਕਰਨ ਦਾ ਉਸ ਨੂੰ ਹੁਨਰ ਸੀ। ਪਰ, ਉਸ ਦੀ ਨਿਪੁੰਨਤਾ, ਉਸ ਦੀ ਆਪਣੀ ਕਰਨੀ ਨਹੀਂ ਸੀ; ਬਲਕਿ, ਇਹ **ਪਰਮੇਸ਼ੁਰ ਦੇ ਆਤਮਾ** ਤੋਂ ਆਈ ਸੀ, ਜਿਸ ਨੇ ਉਸ ਨੂੰ **ਬੁੱਧ, ਸਮਝ, ਵਿਦਿਆ** ਅਤੇ **ਸਾਰੀ ਕਾਰੀਗਰੀ ਨਾਲ** ਭਰਪੂਰ ਕੀਤਾ ਸੀ। "ਪਰਮੇਸ਼ੁਰ ਦੇ ਆਤਮਾ" ਨਾਲ **ਭਰਪੂਰ** ਹੋਣ ਦਾ ਵਿਚਾਰ ਇਹ ਹੈ ਕਿ ਪਰਮੇਸ਼ੁਰ ਨੇ ਬਸਲਏਲ ਨੂੰ ਉਹ ਕਰਨ ਦੀ ਸਮਰੱਥਾ ਦਿੱਤੀ ਸੀ ਜੋ ਉਸ ਨੇ ਕੀਤਾ।

**ਆਇਤਾਂ 32-35.** **ਆਹਾਲੀਆਬ** ਨੇ ਬਸਲਏਲ ਦੀ ਸਹਾਇਤਾ ਕਰਨੀ ਸੀ, ਜਿਸ ਨੂੰ ਪਰਮੇਸ਼ੁਰ ਦੁਆਰਾ ਇਸ ਕੰਮ ਦੇ ਯੋਗ ਬਣਾਇਆ ਗਿਆ ਸੀ। ਪਰਤੱਖ ਰੂਪ ਵਿਚ, ਉਨ੍ਹਾਂ ਦੇ ਕੰਮ ਵਿਚ ਤਿੰਨ ਗੱਲਾਂ ਸ਼ਾਮਲ ਸਨ: (1) ਕਾਰੀਗਰੀ ਦਾ ਕੰਮ ਕਰਨਾ - ਅਸਲ ਵਿਚ ਡੇਹਰੇ ਦੇ ਅੰਦਰ

ਦੀਆਂ ਕੁਝ ਚੀਜ਼ਾਂ ਨੂੰ ਬਣਾਉਣਾ। (2) **ਸਿਖਲਾਉਣਾ** - ਪਰਤੱਖ ਰੂਪ ਵਿਚ ਦੂਜਿਆਂ ਨੂੰ ਕਾਰੀਗਰੀ ਦਾ ਕੰਮ ਸਿਖਾਉਣਾ ਜੋ ਉਹ ਆਪ ਕਰ ਸਕਦੇ ਸਨ।[5] (3) ਕੰਮ ਦੀ ਨਿਗਰਾਨੀ ਕਰਨਾ। ਸ਼ਾਇਦ ਜ਼ਿਆਦਾਰਤ ਕੰਮ ਦੂਜੇ ਲੋਕਾਂ ਦੁਆਰਾ ਕੀਤਾ ਗਿਆ ਸੀ (ਵੇਖੋ 35:10; 36:1, 8)। ਬਸਲਏਲ ਅਤੇ ਆਹਾਲੀਆਬ ਦਾ ਕੰਮ ਇਹ ਨਿਸ਼ਚਤ ਕਰਨਾ ਸੀ ਕਿ ਕੰਮ ਸਹੀ ਤਰ੍ਹਾਂ ਹੋ ਰਿਹਾ ਹੈ ਜਾਂ ਨਹੀਂ, ਤਦ ਤੱਕ ਕੰਮ ਦੀ ਨਿਗਰਾਨੀ ਕਰਨਾ ਜਦੋਂ ਤੱਕ ਇਹ ਪੂਰਾ ਨਹੀਂ ਸੀ ਹੋ ਜਾਂਦਾ। ਕਿਉਂਕਿ ਉਨ੍ਹਾਂ ਨੇ ਡੇਹਰੇ ਨੂੰ ਬਣਾਉਣ ਦੀ ਨਿਗਰਾਨੀ ਕੀਤੀ ਸੀ, ਬਸਲਏਲ (ਅਤੇ ਆਹਾਲੀਆਬ ਜਿਸ ਦਾ ਉਸ ਦੇ ਸਹਾਇਕ ਵਜੋਂ ਜ਼ਿਕਰ ਕੀਤਾ ਗਿਆ ਸੀ) ਬਾਰੇ ਇਹ ਕਿਹਾ ਗਿਆ ਹੈ ਕਿ ਉਨ੍ਹਾਂ ਨੇ "ਜੋ ਕੁਝ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਬਣਾਇਆ" (38:22, 23)।

# ਪ੍ਰਾਸੰਗਿਕਤਾ

### ਪਰਮੇਸ਼ੁਰ ਦੇ ਭਵਨ ਨੂੰ ਬਣਾਉਣਾ, ਭਾਗ 1 (35:1-36:7)

ਕੂਚ ਦੀ ਪੁਸਤਕ 25 ਅਧਿਆਇ ਤੋਂ ਲੈ ਕੇ ਪੁਸਤਕ ਦੇ ਅੰਤ ਤੱਕ, ਇਸਰਾਏਲੀਆਂ ਦਾ ਕੰਮ ਡੇਹਰੇ - ਪਰਮੇਸ਼ੁਰ ਦੇ ਭਵਨ, ਉਸ ਦੇ ਨਿਵਾਸ ਸਥਾਨ - ਨੂੰ ਬਣਾਉਣਾ ਸੀ। ਉਸੇ ਤਰ੍ਹਾਂ, ਅੱਜ ਮਸੀਹੀ ਵਿਅਕਤੀ ਦਾ ਕੰਮ ਸਿਰਫ ਖੇਤੀ ਕਰਨਾ, ਵੇਚਣਾ, ਸਕੂਲ ਵਿਚ ਪੜ੍ਹਾਉਣਾ, ਜਾਂ ਉਹ ਕਰਨਾ ਨਹੀਂ ਹੈ ਜੋ ਉਹ ਰੋਜ਼ੀ ਰੋਟੀ ਕਮਾਉਣ ਦੇ ਲਈ ਕਰਦਾ ਹੈ। ਉਸ ਨੇ ਕਲੀਸੀਆ ਨੂੰ ਉਸਾਰਨ ਵਿਚ ਵੀ ਵਿਅਸਤ ਹੋਣਾ ਹੈ (ਅਫ਼ਸੀਆਂ 4:11, 12; 1 ਕੁਰਿੰਥੀਆਂ 3:9, 10) ਜੋ ਪਰਮੇਸ਼ੁਰ ਦਾ ਨਿਵਾਸ ਸਥਾਨ (1 ਕੁਰਿੰਥੀਆਂ 3:16) - ਉਸ ਦਾ ਭਵਨ (1 ਤਿਮੋਥਿਉਸ 3:15), ਉਸ ਦੀ ਹੈਕਲ (ਅਫ਼ਸੀਆਂ 2:19-22) ਹੈ।

ਅਸੀਂ ਪਰਮੇਸ਼ੁਰ ਦੇ ਭਵਨ ਨੂੰ ਉਸਾਰਨ ਵਿਚ ਕਿਵੇਂ ਸਫ਼ਲ ਹੋ ਸਕਦੇ ਹਾਂ? ਪਰਮੇਸ਼ੁਰ ਦੇ ਲੋਕਾਂ ਦੇ ਨਮੂਨੇ ਤੇ ਚੱਲ ਕੇ ਜਿਨ੍ਹਾਂ ਨੇ ਸਫ਼ਲਤਾਪੂਰਵਕ ਡੇਹਰੇ ਨੂੰ ਬਣਾਇਆ ਸੀ। ਉਹ ਸਫ਼ਲ ਹੋਏ ਕਿਉਂਕਿ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਦੀ ਇਹ "ਮਨ ਦੀ ਭਾਉਣੀ" ਸੀ (35:5)। ਉਸੇ ਤਰ੍ਹਾਂ ਅੱਜ ਦੇ ਸਮੇਂ ਵਿਚ ਇੱਛੁਕ ਦਿਲ ਕਲੀਸੀਆ ਦੀ ਉਸਾਰੀ ਅਤੇ ਕਲੀਸੀਆਂ ਦੀ ਉੱਨਤੀ ਦੇ ਲਈ ਇਕ ਕੁੰਜੀ ਹੈ। ਇੱਛੁਕ ਦਿਲ ਹੀ ਇਸਰਾਏਲੀਆਂ ਨੂੰ ਡੇਹਰੇ ਨੂੰ ਬਣਾਉਣ ਦੇ ਲਈ ਯੋਗਦਾਨ ਦੇਣ ਵੱਲ ਲੈ ਗਏ। ਉਨ੍ਹਾਂ ਦਾ ਡੇਹਰੇ ਲਈ ਦਾਨ ਦੇਣਾ ਚਾਰ ਤਰੀਕਿਆਂ ਨਾਲ ਸਾਡੇ ਲਈ ਇਕ ਮਿਸਾਲ ਹੈ।

*ਉਨ੍ਹਾਂ ਨੇ ਸਵੈ-ਇੱਛਾ ਨਾਲ ਦਿੱਤਾ।* ਪਰਮੇਸ਼ੁਰ ਨੇ ਹਰ ਵਿਅਕਤੀ ਨੂੰ ਜਿਵੇਂ ਉਹ ਦੇ "ਮਨ ਦੀ ਭਾਉਣੀ ਹੋਵੇ ਯਹੋਵਾਹ ਲਈ ਭੇਟ ਲਿਆਉਣ ਦੇ ਲਈ ਬੁਲਾਇਆ ਸੀ: ਸੋਨਾ, ਚਾਂਦੀ ਅਤੇ ਪਿੱਤਲ" (35:5)। ਅੱਗੇ ਉਸ ਨੇ ਹੋਰ ਚੀਜ਼ਾਂ ਦੀ ਸੂਚੀ ਦਿੱਤੀ ਜੋ ਲੋਕ ਲਿਆ ਸਕਦੇ ਸਨ (35:6, 7)। ਹਰ ਇਕ ਪੁਰਸ਼ ਅਤੇ ਇਸਤਰੀ ਨੇ ਜੋ ਕੁਝ ਉਸ ਦੇ ਕੋਲ ਸੀ ਲੈ ਕੇ ਆਉਣਾ ਸੀ ਤਾਂ ਕਿ ਇਹ ਡੇਹਰੇ ਨੂੰ ਬਣਾਉਣ ਦੇ ਲਈ ਵਰਤਿਆ ਜਾ ਸਕਦਾ। ਲੋਕਾਂ ਨੇ ਯਹੋਵਾਹ ਦੀ ਗੱਲ ਦਾ ਪਾਲਣ ਕੀਤਾ।

ਜਿਸ ਇੱਛਾ ਨਾਲ ਇਸਰਾਏਲੀ ਲੋਕ ਇਹ ਭੇਟਾਂ ਲੈ ਕੇ ਆਏ ਸਨ ਕਾਬਿਲੇ ਤਾਰੀਫ ਹੈ। ਲਿਖਤ ਉਨ੍ਹਾਂ ਦੀ ਇਸ ਖੁੱਲ੍ਹਦਿਲੀ ਨੂੰ ਉਨ੍ਹਾਂ ਦੇ ਇੱਛੁਕ ਮਨਾਂ ਦੇ ਨਾਵੇਂ ਲਾਉਂਦੀ ਹੈ ਅਤੇ ਕਹਿੰਦੀ ਹੈ ਕਿ ਉਨ੍ਹਾਂ ਨੇ ਬਾਰ-ਬਾਰ ਇਸ ਲਈ ਨਹੀਂ ਦਿੱਤਾ ਕਿਉਂਕਿ ਉਨ੍ਹਾਂ ਨੂੰ ਦੇਣਾ ਹੀ ਪੈਣਾ ਸੀ, ਪਰ ਇਸ ਲਈ ਕਿਉਂਕਿ ਉਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਇਸ ਤਰ੍ਹਾਂ ਕਰਨ ਦੇ ਲਈ ਪਰੇਰਿਆ (35:21, 22, 26, 29)।

*ਉਹ ਉਨ੍ਹਾਂ ਦੇ ਦੇਣ ਵਿਚ ਇਕ ਸਨ।* ਦੇਣ ਦੇ ਕੰਮ ਵਿਚ ਲੋਕਾਂ ਦੇ ਸ਼ਾਮਲ ਹੋਣ ਦੀ ਹੱਦ ਕਾਬਿਲੇ ਤਾਰੀਫ ਸੀ। ਇਹ ਭੇਟ ਜਾਂ ਯੋਗਦਾਨ ਸਿਰਫ ਕੁਝ ਲੋਕਾਂ ਦੁਆਰਾ ਨਹੀਂ, ਪਰ ਬਹੁਤ

ਸਾਰੇ ਲੋਕਾਂ ਦੁਆਰਾ ਦਿੱਤਾ ਗਿਆ ਸੀ। ਮੂਲ ਲਿਖਤ "ਸਾਰੇ" ਲੋਕਾਂ ਦੇ ਸ਼ਾਮਲ ਹੋਣ ਤੇ ਜ਼ੋਰ ਦਿੰਦੀ ਹੈ। ਦੇਣ ਵਾਲਿਆਂ ਦੀ ਸੂਚੀ ਵਿਚ ਸ਼ਾਮਲ ਸਨ "ਸਾਰੇ ਮਨੁੱਖ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪਰੇਰਿਆ" (35:21), "ਜਿਨ੍ਹਾਂ ਦੇ ਆਤਮਾਂ ਨੇ ਉਨ੍ਹਾਂ ਦੀ ਭਾਉਣੀ ਕੀਤੀ, ਮਨੁੱਖ ਅਤੇ ਉਨ੍ਹਾਂ ਦੇ ਨਾਲ ਤੀਵੀਆਂ" (35:22), "ਜਿਨ੍ਹਾਂ ਮਨੁੱਖਾਂ ਕੋਲ ਨੀਲਾ ਬੈਂਗਣੀ ਅਤੇ ਕਿਰਮਚੀ ਸੂਤ ਸੀ" (35:23), "ਜਿੰਨਿਆਂ ਨੇ ਚਾਂਦੀ ਦੀਆਂ ਭੇਟਾਂ ਚੜ੍ਹਾਈਆਂ" (35:24), "ਸਾਰੀਆਂ ਚਤਰੀਆਂ ਇਸਤਰੀਆਂ" (35:25), "ਸਾਰੀਆਂ ਇਸਤਰੀਆਂ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਬੁੱਧ ਨਾਲ ਪਰੇਰਿਆ" (35:26), "ਸਰਦਾਰ" (35:27) ਅਤੇ "ਇਸਰਾਏਲੀਆਂ ਦੇ ਸਾਰੇ ਮਨੁੱਖ ਅਤੇ ਇਸਤਰੀਆਂ ਜਿਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪਰੇਰਿਆ" (35:29)।

*ਉਨ੍ਹਾਂ ਨੇ ਖੁਸ਼ੀ ਨਾਲ ਦਿੱਤਾ।* ਭੇਟਾਂ ਦੀ ਵਿਭਿੰਨਤਾ ਵੀ ਕਾਬਿਲੇ ਤਾਰੀਫ ਸੀ। ਕਈਆਂ ਨੇ ਸੋਨਾ, ਜਦ ਕਿ ਕਈਆਂ ਨੇ ਚਾਂਦੀ ਜਾਂ ਪਿੱਤਲ ਦਿੱਤਾ। ਕਈਆਂ ਨੇ ਕੱਪੜਾ ਜਾਂ ਚਮੜਾ ਜਾਂ ਸ਼ਿੱਟੀਮ ਦੀ ਲੱਕੜੀ ਜੋ ਉਨ੍ਹਾਂ ਦੇ ਕੋਲ ਸੀ ਦਿੱਤੀ। ਕਈਆਂ ਨੇ ਕੀਮਤੀ ਜਾਂ ਸੁਲੇਮਾਨੀ ਪੱਥਰ, ਮਸਾਲੇ ਜਾਂ ਤੇਲ ਦਿੱਤਾ। ਕਈਆਂ ਨੇ ਆਪਣੀ ਬੁੱਧ (ਹੁਨਰ) ਨੂੰ ਵਰਤਿਆ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਕੱਪੜੇ ਨੂੰ ਕੱਤਣ ਦੇ ਲਈ ਦਿੱਤੀ ਸੀ ਜੋ ਤੰਬੂ ਨੂੰ ਬਣਾਉਣ ਦੇ ਲਈ ਲੋੜੀਂਦੀ ਸੀ। ਹਰੇਕ ਪੁਰਸ਼ ਅਤੇ ਇਸਤਰੀ ਨੇ ਆਪਣੀ-ਆਪਣੀ ਯੋਗਤਾ ਦੇ ਅਨੁਸਾਰ ਦਿੱਤਾ, ਜਿਵੇਂ-ਜਿਵੇਂ ਉਨ੍ਹਾਂ ਦੇ ਮਨਾਂ ਨੇ ਉਨ੍ਹਾਂ ਨੂੰ ਪਰੇਰਿਆ।

*ਉਨ੍ਹਾਂ ਨੇ ਖੁੱਲ੍ਹੇ ਦਿਲ ਨਾਲ ਦਿੱਤਾ।* ਇਸਰਾਏਲੀਆਂ ਦੁਆਰਾ ਦਿੱਤਾ ਗਿਆ ਦਾਨ ਖਾਸਕਰ ਕਾਬਿਲੇ ਤਾਰੀਫ ਸੀ। ਕੂਚ 36:2-7 ਕਹਿੰਦੀਆਂ ਹਨ ਉਹ ਤਦ ਤੱਕ ਉਨ੍ਹਾਂ ਦੀਆਂ ਭੇਟਾਂ ਲਿਆਉਂਦੇ ਰਹੇ ਜਦੋਂ ਤੱਕ ਉਹ ਲੋਕ ਜਿਹੜੇ ਅਸਲ ਵਿਚ ਡੇਹਰੇ ਨੂੰ ਬਣਾ ਰਹੇ ਸਨ ਉਨ੍ਹਾਂ ਕੋਲ ਬਣਾਉਣ ਦੇ ਲਈ ਸਮਾਂ ਨਾ ਬਚਿਆ। ਉਹ ਆਪਣਾ ਸਾਰਾ ਸਮਾਂ ਉਨ੍ਹਾਂ ਭੇਟਾਂ ਨੂੰ ਲੈਣ ਵਿਚ ਬਿਤਾ ਰਹੇ ਸਨ ਜੋ ਲੋਕ ਲਿਆਉਂਦੇ ਗਏ। ਆਖ਼ਰਕਰ, ਕਾਰੀਗਰ ਨੇ ਇਸ ਮੁਸ਼ਕਲ ਬਾਰੇ ਮੂਸਾ ਨਾਲ ਗੱਲ ਕੀਤੀ ਅਤੇ ਮੂਸਾ ਨੂੰ ਲੋਕਾਂ ਨੂੰ ਭੇਟਾਂ ਲਿਆਉਣ ਤੋਂ ਰੋਕਣਾ ਪਿਆ। ਉਹ ਇੰਨੇ ਖੁੱਲ੍ਹੇ ਦਿਲ ਨਾਲ ਲਿਆ ਰਹੇ ਸਨ ਕਿ ਉਨ੍ਹਾਂ ਨੂੰ ਭੇਟਾਂ ਲਿਆਉਣ ਤੋਂ ਰੋਕਣਾ ਪਿਆ ਸੀ! ਉਨ੍ਹਾਂ ਦੀ ਖੁੱਲ੍ਹਦਿਲੀ ਉਸ ਵਿਰਤਾਂਤ ਤੋਂ ਵੀ ਸਪੱਸ਼ਟ ਹੈ ਜੋ ਅੱਗੇ ਜਾ ਕੇ ਦਿੱਤਾ ਗਿਆ ਹੈ, ਇਹ ਦੱਸਦੇ ਹੋਏ ਕਿ ਡੇਹਰੇ ਨੂੰ ਬਣਾਉਣ ਦੇ ਲਈ ਕਿੰਨਾ ਦਿੱਤਾ ਗਿਆ ਅਤੇ ਕਿੰਨਾ ਵਰਤਿਆ ਗਿਆ ਸੀ (38:21-31)।

*ਸਿੱਟਾ।* ਜੇਕਰ ਅੱਜ ਕਲੀਸੀਆ ਨੇ - ਆਤਮਿਕ ਤੌਰ ਤੇ ਅਤੇ ਗਿਣਤੀ ਵਿਚ - ਵਧਣਾ ਹੈ ਤਾਂ ਇਸ ਦੇ ਮੈਂਬਰਾਂ ਨੂੰ ਖੁੱਲ੍ਹੇ ਦਿਲ ਨਾਲ ਦੇਣ ਦੇ ਇੱਛੁਕ ਹੋਣਾ ਚਾਹੀਦਾ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਵੀ ਇਸਰਾਏਲੀਆਂ ਦੇ ਵਾਂਗ ਦੇਈਏ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਇੱਛੁਕ ਦਿਲਾਂ, ਸਵੈ-ਇੱਛਾ ਨਾਲ ਦੇਈਏ (2 ਕੁਰਿੰਥੀਆਂ 9:7)। ਉਹ ਚਾਹੁੰਦਾ ਹੈ ਕਿ ਅਸੀਂ ਸਾਰੇ ਯੋਗਦਾਨ ਪਾਈਏ (1 ਕੁਰਿੰਥੀਆਂ 16:1, 2); ਦੇਣਾ ਇਕ ਅਜਿਹੀ ਚੀਜ਼ ਨਹੀਂ ਹੈ ਜੋ ਸਿਰਫ ਉਨ੍ਹਾਂ ਦੁਆਰਾ ਦਿੱਤਾ ਜਾਂਦਾ ਹੈ ਜਿਨ੍ਹਾਂ ਕੋਲ ਬਹੁਤ ਸਾਰਾ ਪੈਸਾ ਹੈ। ਹਰ ਕੋਈ ਦੇ ਸਕਦਾ ਹੈ ਅਤੇ ਹਰੇਕ ਨੂੰ ਦੇਣਾ ਚਾਹੀਦਾ ਹੈ। ਪਰਮੇਸ਼ੁਰ ਚਾਹੁੰਦਾ ਹੈ ਕਿ ਜੋ ਕੁਝ ਸਾਡੇ ਕੋਲ ਹੈ ਅਸੀਂ ਉਸ ਵਿੱਚੋਂ ਦੇਈਏ; ਹਰੇਕ ਨੂੰ "ਆਪਣੀ ਉਕਾਤ ਅਨੁਸਾਰ" ਦੇਣਾ ਚਾਹੀਦਾ ਹੈ (1 ਕੁਰਿੰਥੀਆਂ 16:2)। ਲੂਕਾ 21:1-4 ਵਿਚ ਵਿਧਵਾ ਦੀਆਂ "ਦੋ ਦਮੜੀਆਂ" ਜੋ ਕਿ ਇੱਛੁਕ ਦਿਲ ਨਾਲ ਕੁਰਬਾਨੀ ਦੇ ਤੌਰ ਤੇ ਦਿੱਤੀਆਂ ਗਈਆਂ ਸਨ, ਪਰਮੇਸ਼ੁਰ ਦੇ ਲਈ ਓਨੀਆਂ ਹੀ ਬਹੁਮੁੱਲੀਆਂ ਸਨ ਜਿੰਨੀਆਂ ਕਿ ਇਕ ਖੁਸ਼ਹਾਲ ਵਿਅਕਤੀ ਦੀਆਂ ਮਹਿੰਗੀਆਂ ਭੇਟਾਂ ਹੁੰਦੀਆਂ ਹਨ। ਭਾਵੇਂ ਇਹ ਭੇਟ ਯਿਸੂ ਦੇ ਗਿਣਤੀ ਵਿਚ ਵਾਧਾ ਕਰਨ ਦੇ ਲਈ ਕੁਝ ਰੋਟੀਆਂ, ਉਸ ਦੇ ਸਵਾਰੀ ਕਰਨ ਦੇ ਲਈ ਗਧੀ ਦਾ ਬੱਚਾ, ਜਾਂ ਯਿਸੂ ਤੇ ਡੋਹਲਣ ਦੇ ਲਈ ਮਹਿੰਗੇ ਮੁੱਲ ਦੀ ਅਤਰ ਦੀ ਸ਼ੀਸ਼ੀ ਹੋਵੇ, ਜੋ ਕੁਝ ਅਸੀਂ ਉਸ ਨੂੰ ਦੇ ਸਕਦੇ ਹਾਂ ਪ੍ਰਭੂ ਉਸੇ ਨੂੰ ਲੈਣ ਵਿਚ ਖੁਸ਼ ਹੁੰਦਾ

ਹੈ। ਕਲੀਸੀਆ ਨੂੰ ਉਸਾਰਨ ਦੇ ਲਈ ਹਰੇਕ ਮੈਂਬਰ ਨੂੰ ਉਦਾਰਤਾ ਅਤੇ ਖੁੱਲ੍ਹੇ ਦਿਲ ਨਾਲ ਦੇਣਾ ਚਾਹੀਦਾ ਹੈ।

ਪ੍ਰਭੂ ਦੁਆਰਾ ਸਿਰਫ ਇੱਕੋ ਕਿਸਮ ਦੇ ਦੇਣ ਨੂੰ ਮਾਨਤਾ ਦਿੱਤੀ ਗਈ ਹੈ ਅਤੇ ਉਹ ਹੈ ਸਵੈ-ਇੱਛ ਨਾਲ, ਖੁੱਲ੍ਹੇ ਦਿਲ ਨਾਲ, ਉਦਾਰਤਾ ਨਾਲ, ਕੁਰਬਾਨੀ ਵਾਲਾ ਦੇਣਾ। ਹੋ ਸਕਦਾ ਹੈ ਕਿ ਅਸੀਂ ਆਪਣੀਆਂ ਭੇਟਾਂ ਦੀ ਤੁਲਨਾ ਕੰਜੂਸ ਲੋਕਾਂ ਦੀਆਂ ਭੇਟਾਂ ਨਾਲ ਕਰੀਏ। ਬਜਾਇ ਇਸ ਦੇ, ਸਾਨੂੰ ਆਪਣੀਆਂ ਭੇਟਾਂ ਦੀ ਤੁਲਨਾ ਉਦਾਰਤਾ ਨਾਲ ਦਿੱਤੀਆਂ ਗਈਆਂ ਭੇਟਾਂ ਨਾਲ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਬਾਰੇ ਅਸੀਂ ਬਾਈਬਲ ਵਿਚ ਪੜ੍ਹਦੇ ਹਾਂ। ਪਰਮੇਸ਼ੁਰ ਨੇ ਆਪਣੇ ਪੁੱਤਰ ਨੂੰ ਦਿੱਤਾ (ਯੂਹੰਨਾ 3:16)। ਯਿਸੂ ਸੁਰਗ ਨੂੰ ਛੱਡ ਕੇ ਧਰਤੀ ਉੱਤੇ ਆਇਆ ਅਤੇ ਆਪਣੀ ਜਾਨ ਦਿੱਤੀ (ਵੇਖੋ 2 ਕੁਰਿੰਥੀਆਂ 8:9; 9:15)। ਜੋਤਸ਼ੀਆਂ (ਮਜੂਸੀਆਂ) ਨੇ ਯਿਸੂ ਨੂੰ ਮਹਿੰਗੇ ਮੁੱਲ ਦੇ ਤੋਹਫ਼ੇ ਦਿੱਤੇ (ਮੱਤੀ 2:11)। ਮਰੀਅਮ ਨੇ ਯਿਸੂ ਤੇ ਮਹਿੰਗੇ ਮੁੱਲ ਦਾ ਅਤਰ ਡੋਹਲਿਆ (ਯੂਹੰਨਾ 12:3)। ਮੁਢਲੇ ਮਸੀਹੀ ਲੋਕਾਂ ਨੇ ਦੂਜਿਆਂ ਦੀਆਂ ਜਰੂਰਤਾਂ ਨੂੰ ਪੂਰਾ ਕਰਨ ਦੇ ਲਈ ਆਪਣੀ ਮਿਲਖ ਵੇਚ ਦਿੱਤੀ (ਰਸੂਲਾਂ ਦੇ ਕਰਤੱਬ 2:44, 45)। ਮਕਦੂਨਿਯਾ ਦੀਆਂ ਕਲੀਸੀਆਵਾਂ ਦੀ ਉਦਾਰਤਾ ਅਲੋਕਾਰ ਸੀ (2 ਕੁਰਿੰਥੀਆਂ 8:1-5)। ਫਿਰ ਸਾਡੇ ਕੋਲ ਇਸਰਾਏਲੀਆਂ ਦਾ ਉਦਾਹਰਣ ਹੈ, ਜਿਨ੍ਹਾਂ ਨੂੰ "ਹੋਰ ਭੇਟਾਂ ਲਿਆਉਣ ਤੋਂ ਰੋਕ ਦਿੱਤਾ ਗਿਆ ਸੀ" (ਕੂਚ 36:6)।

ਸਾਡੇ ਦੇਣ ਦੀ ਤੁਲਨਾ ਇਨ੍ਹਾਂ ਉਦਾਹਰਣਾਂ ਨਾਲ ਕਿਵੇਂ ਹੁੰਦੀ ਹੈ? ਕੀ ਅਸੀਂ ਖੁੱਲ੍ਹੇ ਦਿਲ ਨਾਲ ਦੇ ਰਹੇ ਹਾਂ, ਜਿਵੇਂ ਕਿ ਇਸਰਾਏਲੀਆਂ ਅਤੇ ਹੋਰਨਾਂ ਨੇ ਦਿੱਤਾ ਜਿਨ੍ਹਾਂ ਦੀਆਂ ਕਹਾਣੀਆਂ ਬਾਈਬਲ ਵਿਚ ਮਿਲਦੀਆਂ ਹਨ? ਕੀ ਸਾਨੂੰ ਉਨ੍ਹਾਂ ਨਾਲੋਂ ਵੀ ਜ਼ਿਆਦਾ ਦੇਣ ਦੇ ਇੱਛੁਕ ਨਹੀਂ ਹੋਣਾ ਚਾਹੀਦਾ? ਸ਼ਤਾਨ ਕੋਲ ਉਸ ਦੇ ਕੰਮ ਨੂੰ ਕਰਨ ਦੇ ਲਈ ਹਮੇਸ਼ਾ ਬਹੁਤ ਸਾਰਾ ਪੈਸਾ ਹੋਵੇਗਾ। ਸਵਾਲ ਇਹ ਹੈ ਕਿ ਕੀ ਪ੍ਰਭੂ ਦੀ ਕਲੀਸੀਆ ਕੋਲ ਕਾਫੀ ਹੋਵੇਗਾ ਜਿਸ ਨਾਲ ਉਹ ਇਸ ਦੇ ਕੰਮ ਨੂੰ ਕਰਨ ਦੇ ਯੋਗ ਹੋ ਸਕਣ? ਕੀ ਅਸੀਂ ਕਲੀਸੀਆ ਨੂੰ ਉਸਾਰਨ ਦੇ ਲਈ ਖੁੱਲ੍ਹੇ ਦਿਲ ਨਾਲ ਦੇਵਾਂਗੇ?

## ਪਰਮੇਸ਼ੁਰ ਦੇ ਲੋਕਾਂ ਕੋਲ ਇੱਛੁਕ ਦਿਲ ਸਨ (35:5)

ਅਧਿਆਇ 35 ਵਿਚ, ਜਿਵੇਂ ਕਿ ਕੂਚ ਦੀ ਪੁਸਤਕ ਦੇ ਹੋਰ ਹਵਾਲਿਆਂ ਵਿਚ ਹੈ, ਬਾਈਬਲ ਇਸ ਗੱਲ ਦਾ ਸਬੂਤ ਦਿੰਦੀ ਹੈ ਕਿ ਇਸਰਾਏਲੀ ਧਰਮ ਵਿਚ ਲੋਕਾਂ ਦੇ ਦਿਲ, ਦਿਮਾਗ ਅਤੇ ਰਵੱਈਏ ਸ਼ਾਮਲ ਸਨ। ਦਰਅਸਲ, ਜਦੋਂ ਡੇਹਰੇ ਨੂੰ ਬਣਾਉਣ ਦਾ ਸਮਾਂ ਆਇਆ, ਪਰਮੇਸ਼ੁਰ ਨੇ ਲੋਕਾਂ ਦੇ ਲਈ ਜੋ ਕੀਤਾ ਸੀ ਉਹ ਉਸ ਦੇ ਲਈ ਇੰਨੇ ਧੰਨਵਾਦੀ ਸਨ ਕਿ ਉਨ੍ਹਾਂ ਨੇ ਡੇਹਰੇ ਨੂੰ ਬਣਾਉਣ ਦੇ ਲਈ ਇੱਛੁਕ ਦਿਲਾਂ ਨਾਲ ਖੁੱਲ੍ਹੇ ਦਿਲ ਤੋਂ ਦਿੱਤਾ। ਨਵੇਂ ਨੇਮ ਦਾ ਧਰਮ ਵੀ "ਮਨੋਂ" ਹੋਣਾ ਚਾਹੀਦਾ ਹੈ (ਰੋਮੀਆਂ 6:17, 18)। ਉਦੋਂ ਵਾਂਗ, ਹੁਣ, ਪਰਮੇਸ਼ੁਰ ਨਹੀਂ ਚਾਹੁੰਦਾ ਕਿ ਉਸ ਦੀ ਬੱਚੇ ਸਿਰਫ ਭਾਵਨਾਵਾਂ ਵਿਚ ਵਹਿੰਦੇ ਰਹਿਣ; ਉਹ ਚਾਹੁੰਦਾ ਕਿ ਅਸੀਂ ਉਹ ਆਪਣੇ ਮਨ ਤੋਂ ਕਰੀਏ ਜੋ ਉਹ ਸਾਨੂੰ ਕਰਨ ਦੇ ਲਈ ਕਹਿੰਦਾ ਹੈ।

---

ਟਿੱਪਣੀਆਂ

[1]ਇਸ ਭਾਗ ਵਿਚ, ਸਪਤਤੀ ਦੀ ਮੂਲ ਲਿਖਤ ਇਬਰਾਨੀ ਮੂਲ ਲਿਖਤ ਤੋਂ ਕਾਫੀ ਵੱਖਰੀ ਹੈ। ਇਕ ਚੰਗੀ ਚਰਚਾ ਦੇ ਲਈ ਜਿਸ ਦੇ ਵਿਚ ਇਬਰਾਨੀ ਮੂਲ ਲਿਖਤ ਦੀ ਉੱਤਮਤਾ ਨੂੰ ਕਾਇਮ ਰੱਖਿਆ ਗਿਆ ਹੈ, ਵਿਲੀਅਮ ਫੀਲਡਸ ਦੀ ਪੁਸਤਕ *ਇਕਸਪਲੋਰਿੰਗ ਐਕਸੋਡਸ*, ਬਾਈਬਲ ਸਟੱਡੀ ਟੈਕਸਟਬੁਕ ਸੀਰੀਜ਼ (ਜੋਪਲਿਨ, ਮਿਸੂਰੀ: ਕਾਲਜ ਪ੍ਰੈਸ, 1976) ਦੇ ਸਫ਼ੇ 769-72 ਵੇਖੋ। [2]ਅਮਬਰਟੋ ਕਸੁੱਟੋ, *ਏ ਕਮੈਂਟਰੀ ਆਨ ਦ ਬੁਕ ਆਫ਼ ਐਕਸੋਡਸ*, ਅਨੁਵਾਦ ਇਜਰਾਏਲ ਅਬਰਾਹਾਮਸ (ਜੇਰੂਸਲਮ: ਮੈਗਨਸ ਪ੍ਰੈਸ, 1997), 453. [3]ਪੀਟਰ ਐਨਸ, *ਐਕਸੋਡਸ*, ਦ ਐਨਆਈਵੀ ਐਪਲੀਕੇਸ਼ਨ

ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 2000), 546. [4]ਕਸੁੱਟੋ, 456. [5]ਉਨ੍ਹਾਂ ਨੂੰ "ਉਨ੍ਹਾਂ ਸਹਾਇਕਾਂ ਨੂੰ ਸਿਖਲਾਉਣ ਅਤੇ ਮਾਰਗ-ਦਰਸ਼ਨ ਕਰਨ ਦੀ ਯੋਗਤਾ ਦਿੱਤੀ ਗਈ ਸੀ ਜਿਨ੍ਹਾਂ ਨੇ ਇਨ੍ਹਾਂ ਦੋ [ਚਤਰੇ ਕਾਰੀਗਰਾਂ] ਨਾਲ ਕੰਮ ਕਰਨਾ ਸੀ" (ਵਾਲਟਰ ਸੀ. ਕੇਸਰ, ਜੂਨੀਅਰ, "ਐਕਸੋਡਸ," *ਦ ਐਕਸਪੋਜ਼ੀਟਰਸ ਬਾਈਬਲ ਕਮੈਂਟਰੀ* ਵਿਚ, ਜਿਲਦ 2, *ਜੇਨੇਸਿਸ-ਨੰਬਰਸ* [ਗ੍ਰੈਂਡ ਰੇਪਿਡਸ, ਮਿਸ਼ੀਗਨ: ਜੋਂਡੇਰਵਨ, 1990], 490)।